ਸਤੰਬਰ/ Sept. 2023
ਸਾਲ/ Year 08
ਅੰਕ/ Edition 06
ਕੁੱਲ ਸਫੇ/ Total Page 08

Anual Subcription: 500/-

Regd Office:
1195, Ajit Nagar Moga
Pin: 142 001 (Punjab) INDIA

Estd. 2000

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ


# ਮਹਿਕ ਵਤਨ ਦੀ

## 'Mehak Watan Di Live' ● ਲਾਈਵ


ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ * ਉੱਪ ਮੁੱਖ ਸੰਪਾਦਕ (ਆਨਰੇਰੀ): ਭਾਗਵੰਤੀ ਪੁਰਬਾ

Regd No. PUNPN 04016 * Helpline: 9988-92-9988 E-mail: mehakwattandi@rediffmail.com www.mehakwatandilive.com


**facebook**

www.facebook/mehakwatandilive

ਮਹਿਕ ਵਤਨ ਦੀ ਲਾਈਵ ਦੀਆਂ ਖ਼ਬਰਾਂ ਅਤੇ ਲੇਖਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡੇ ਫੇਸਬੁੱਕ ਪੇਜ ਉਤੇ ਵੀ ਲਾਗਇਨ ਕਰ ਸਕਦੇ ਹੋ।

**ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ ਆਨਲਾਈਨ ਪੜ੍ਹਨ ਲਈ ਕਲਿੱਕ ਕਰੋ**

www.mehakwatandilive.com

## ਅੰਦਰ ਪੜ੍ਹੋ


**ਮੋਗਾ ਵਿਖੇ ਯੂ.ਪੀ.ਐਸ.ਸੀ. ਸੈਂਟਰ ਖੋਲ੍ਹਣ ਤੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਕੀਤਾ ਧੰਨਵਾਦ....**



ਹੁਣ ਨੌਜਵਾਨਾਂ ਦਿੱਲੀ, ਚੰਡੀਗੜ੍ਹ, ਕੋਟਾ, ਲੁਧਿਆਣਾ ਵਰਗੇ ਵੱਡੇ ਸ਼ਹਿਰਾਂ ਵਿਚ ਕੋਚਿੰਗ ਲੈਣ ਨਹੀਂ ਜਾਣਾ ਪਵੇਗਾ -ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ

**ਸੰਗਰੂਰ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਜਾ ਰਹੀਆਂ ਸਿੱਖ ਜਥੇਬੰਦੀਆਂ ਪੁਲਿਸ ਨੇ ਬੈਰੀਕੇਟ ਲਗਾ ਕੇ ਮਸਤੂਆਣਾ ਸਾਹਿਬ ਵਿਖੇ ਰੋਕਿਆ**


**ਖ਼ਬਰਾਂ ਅਤੇ ਰਚਨਾਵਾਂ ਭੇਜਣ ਵਾਸਤੇ ਈ-ਮੇਲ**

chief_editor@mehakwatandilive.com
mehakwattandi@rediffmail.com






## ਸੱਭਿਆਚਾਰਕ ਪ੍ਰੋਗਰਾਮ 'ਸ਼ੌਕਣ ਵਿਰਸੇ ਦੀ' ਸ਼ਾਨੋ ਸ਼ੌਕਤ ਨਾਲ ਸਪੰਨ



# ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ

ਇਸ ਸਪਲੀਮੈਂਟ ਵਿੱਚ ਇਸ਼ਤਿਹਾਰ ਅਤੇ ਸਹਿਯੋਗ ਦੇਣ ਵਾਲੇ ਸੰਤਾਂ-ਮਹਾਂਪੁਰਸ਼ਾ ਅਤੇ ਇਸ਼ਤਿਹਾਰ ਦਾਤਾਵਾਂ ਦਾ ਹਾਰਦਿਕ ਧੰਨਵਾਦ!

ਵੱਲੋਂ: ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: ਮਹਿਕ ਵਤਨ ਦੀ ਲਾਈਵ ਬਿਓਰੋ) ਸੰਪਰਕ: 9988-92-9988


## ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਲੱਖ ਲੱਖ ਮੁਬਾਰਕਾਂ!



**ਸੰਤ ਬਾਬਾ ਰੇਸ਼ਮ ਸਿੰਘ ਜੀ ਖਾਲਸਾ (ਖੁਖਰਾਣੇ ਵਾਲੇ)**

ਸੀਨੀ. ਮੀਤ ਪ੍ਰਧਾਨ:
ਗੁਰ ਸ਼ਬਦ ਪ੍ਰਚਾਰ ਸੰਤ ਸਮਾਜ
ਮੈਂਬਰ: ਖਾਲਸਾ ਐਕਸ਼ਨ ਕਮੇਟੀ
ਸੂਪਰਸਤ: ਦੁੱਖ ਭੰਜਨ ਸੇਵਾ ਸੁਸਾਇਟੀ

ਮੁੱਖ ਸੇਵਾਦਾਰ :
**ਗੁ. ਸਾਹਿਬ ਦੁੱਖ ਭੰਜਨਸਰ**

ਮੋ. 98153-11318

ਜਾਰੀ ਕਰਤਾ: ਬਲਜਿੰਦਰ ਸਿੰਘ 'ਗੋਰਾ' (ਜੁਆਇੰਟ ਸੈਕਟਰੀ: ਆਪ ਜਿਲ੍ਹਾ ਮੋਗਾ) ਅਤੇ ਭਾਈ ਹਰਪ੍ਰੀਤ ਸਿੰਘ ਖੁਖਰਾਣਾ

## ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ

ਤਪ ਅਸਥਾਨ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ (ਜ਼ਿਲ੍ਹਾ ਮੋਗਾ) ਪੰਜਾਬ

ਇਸ ਪਵਿੱਤਰ ਅਸਥਾਨ ਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।



ਸੱਚਖੰਡ ਵਾਸੀ ਧੰਨ-ਧੰਨ ਸੰਤ ਬਾਬਾ ਹੀਰਾ ਸਿੰਘ ਜੀ ਮਹਾਰਾਜ ਦੀ ਸਾਲਾਨਾ ਬਰਸੀ ਹਰ ਸਾਲ 17 ਮੱਘਰ ਨੂੰ ਮਨਾਈ ਜਾਂਦੀ ਹੈ ਅਤੇ ਉਨ੍ਹਾਂ ਦੇ ਸਥਾਨ ਦੇ ਸੇਵਕ ਬਾਬਾ ਹਾਕਮ ਸਿੰਘ ਜੀ ਦੀ ਬਰਸ਼ੀ ਦੇ ਭੋਗ ਹਰ ਸਾਲ ਦੀਵਾਲੀ ਵਾਲੇ ਦਿਨ ਪਾਏ ਜਾਦੇ ਹਨ।



ਸਮੂੰਹ ਸੰਗਤ ਨੂੰ ਇਨ੍ਹਾਂ ਸਮਾਗਮਾਂ ਵਿੱਚ ਹਾਜਰ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।

ਬੇਨਤੀ ਕਰਤਾ : ਸੇਵਾਦਾਰ
ਬਾਬਾ ਜਸਵਿੰਦਰ ਸਿੰਘ ਜੀ ਬੱਧਣੀ ਖੁਰਦ ਵਾਲੇ
ਸੰਪਰਕ : 62800-15996
ਸੰਤ ਬਾਬਾ ਹੀਰਾ ਸਿੰਘ ਜੀ ਪ੍ਰਬੰਧਕੀ ਕਮੇਟੀ, ਖੁਖਰਾਣਾ

## ਦੀਵਾਲੀ ਦਾ ਗਿਫਟ ਦੇਣ ਵਾਸਤੇ
## ਹਾਰਡ ਜਿਲਦ ਵਾਲੀ ਰੰਗਦਾਰ ਸੁੰਦਰ ਡਾਇਰੀ

'ਮਹਿਕ ਵਤਨ ਦੀ ਲਾਈਵ' ਬਿਓਰੋ ਵੱਲੋਂ ਹਰ ਸਾਲ ਪ੍ਰਕਾਸ਼ਿਤ ਹੋਣ ਵਾਲੀ ਸਲਾਨਾ ਡਾਇਰੀ ਇਸ ਸਾਲ ਦੀਵਾਲੀ ਸਬੰਧੀ ਤੋਹਫੇ ਦੇਣ ਲਈ ਦੀਵਾਲੀ ਤੋਂ ਪਹਿਲਾ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਇਸ ਡਾਇਰੀ ਵਿੱਚ ਆਪਣੀ ਸੰਸਥਾਂ, ਕਲੱਬ, ਪਾਰਟੀ, ਫਰਮ ਜਾਂ ਆਪਣੇ ਫੋਟੋਗ੍ਰਾਫ, ਸੰਦੇਸ਼ ਆਦਿ ਦੇਣ ਲਈ ਜਲਦੀ ਸੰਪਰਕ ਕਰੋ।

*Dairy New Year 2024*

ਮਹਿਕ ਵਤਨ ਦੀ 'Mehak Watan Di Live' ਲਾਈਵ

**ਭਵਨਦੀਪ ਸਿੰਘ ਪੁਰਬਾ**
(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)
Help Line: 9988-92-9988
www.mehakwatandilive.com



International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
# ਮਹਿਕ ਵਤਨ ਦੀ
'Mehak Watan Di Live' ● ਲਾਈਵ

Titel Regd No. PUNPUN 04016 Year 8 Edition 06 Issue Date 18-09-2023

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਉਪ-ਮੁੱਖ ਸੰਪਾਦਕ (ਆਨਰੇਰੀ) : ਭਾਗਵੰਤੀ ਪੁਰਬਾ
ਸਾਹਿਤਕ ਸੰਪਾਦਕ : ਹਰਜੀਤ ਕੌਰ ਗਿੱਲ
ਸਹਿ ਸੰਪਾਦਕ : ਕੁਲਵਿੰਦਰ ਤਾਰੇਵਾਲਾ
ਸਹਿ ਸੰਪਾਦਕ : ਇਕਬਾਲ ਸਿੰਘ ਖੋਸਾ
ਇੰਚਾਰਜ ਪ੍ਰੋਟਿੰਗ ਵਿਭਾਗ : ਸੁਖਜੀਤ ਸਿੰਘ ਵਾਲੀਆ
ਵਿਸ਼ੇਸ਼ ਪ੍ਰਤੀਨਿਧ (ਕੈਨੇਡਾ) : ਗੁਰਸੇਵਕ ਸਿੰਘ ਪੁਰਬਾ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ
ਪ੍ਰੈਸ ਫੋਟੋ ਗ੍ਰਾਫਰ : ਮਨਮੋਹਨ ਸਿੰਘ ਚੀਮਾ




## ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਪੌਦੇ ਲਗਾਉਣ ਦੀ ਸੇਵਾ ਸਭ ਤੋਂ ਵੱਡੀ ਸੇਵਾ ਹੈ

ਪਿਛਲੇ ਸਾਲਾਂ ਦੌਰਾਨ ਸਰਕਾਰ ਵੱਲੋਂ ਪੌਦੇ ਲਗਾਉਣ ਵਿੱਚ ਕਾਫੀ ਉਤਸ਼ਾਹ ਵਿਖਾਇਆ ਗਿਆ ਸੀ ਲੋਕਾਂ ਨੂੰ ਪੌਦੇ ਲਗਾਉਣ ਲਈ ਕਾਫੀ ਉਤਸਾਹਿਤ ਕੀਤਾ ਗਿਆ ਸੀ। ਲੋਕਾਂ ਨੇ ਕਾਫੀ ਉਤਸਾਹ ਵਿਖਾਇਆ ਵੀ ਸੀ। ਸਰਕਾਰ ਵੱਲੋਂ ਬਹੁੱਤ ਪੌਦੇ ਮੁਫਤ ਵੰਡੇ ਗਏ। ਪੌਦੇ ਲਗਾਉਣ ਲਈ ਉਤਸਾਹਿਤ ਕਰਨ ਵਾਸਤੇ ਐਪ ਵੀ ਬਣਾਈ ਗਈ ਸੀ ਜਿਸ ਰਾਹੀਂ ਫੋਨ ਤੋਂ ਆਰਡਰ ਕਰਕੇ ਅਸਾਨੀ ਨਾਲ ਮੁੱਫਤ ਬੂਟੇ ਮਿਲ ਜਾਦੇ ਸਨ। ਪਰ ਥੋੜੇ ਸਮੇਂ ਵਿੱਚ ਹੀ ਇਹ ਜੋਸ਼ ਮੱਠਾ ਪੈ ਗਿਆ। ਹੁਣ ਉਹ ਐਪ ਵੀ ਨਹੀਂ ਚੱਲ ਰਹੀਆਂ ਅਤੇ ਪੌਦੇ ਲਗਵਾਉਣ ਅਤੇ ਲਾਉਣ ਦਾ ਮਾਹੌਲ ਮੱਠਾ ਹੀ ਹੈ।

ਸਿਰਫ ਪੌਦਾ ਲਾ ਦੇਣਾ ਹੀ ਕਾਫੀ ਨਹੀਂ ਹੁੰਦਾ, ਉਸ ਦੀ ਥੋੜੀ-ਬਹੁੱਤੀ ਦੇਖ ਭਾਲ ਵੀ ਜਰੂਰੀ ਹੁੰਦੀ ਹੈ। ਪਰ ਇਸ ਦਾ ਇਹ ਮਤਲਬ ਵੀ ਨਹੀਂ ਕਿ ਅਸੀਂ ਪੌਦੇ ਲਗਾਉਣੇ ਹੀ ਛੱਡ ਦੇਈਏ। ਜੇ ਪੌਦੇ ਲੱਗਣਗੇ ਤਾਂ ਹੀ ਦੇਖ-ਭਾਲ ਹੋਵੇਗੀ। ਸ਼ੋਸ਼ਲ ਮੀਡੀਆ ਅਤੇ ਕਾਗਜਾਂ ਵਿੱਚ ਤਾਂ ਅਸੀਂ ਬਹੁੱਤ ਕੁੱਝ ਕਰੀ ਜਾਦੇ ਹਾਂ ਪਰ ਇਹ ਸਭ ਕੁੱਝ ਅਮਲ ਵਿੱਚ ਨਹੀਂ ਲਿਆਂਦਾ ਜਾ ਰਿਹਾ।

ਪੌਦੇ ਸਭ ਲਈ ਜਰੂਰੀ ਹਨ। ਇਨਸਾਨ ਦੇ ਜਨਮ ਤੋਂ ਲੈ ਕੇ ਮਰਨ ਤੱਕ ਪੌਦੇ ਹਮੇਸ਼ਾ ਸਾਥ ਨਿਭਾਉਦੇ ਹਨ। ਜਨਮ ਵੇਲੇ ਦੇ ਸੇਹਰੇ (ਸਰੀਂ) ਵੀ ਪੌਦਿਆ ਤੋਂ ਆਉਂਦੇ ਹਨ। ਜੀਵਨ ਵਿੱਚ ਵਰਤੋਂ ਦਾ ਸਮਾਨ ਮੰਜਾ (ਹੁਣ ਤਾਂ ਚਾਹੇ ਲੋਹੇ ਦੇ ਪਾਈਪਾਂ ਵਾਲੇ ਮੰਜੇ ਬਣਨ ਲੱਗ ਪਏ, ਪਰ ਪਹਿਲਾਂ ਤਾਂ ਸਿਰਫ ਲੱਕੜ ਦੇ ਪਾਵਿਆ ਵਾਲੇ ਹੀ ਮੰਜੇ ਹੁੰਦੇ ਸਨ) ਅੱਜ ਕੱਲ੍ਹ ਜਿਆਦਾ ਵਰਤੇ ਜਾਣ ਵਾਲੇ ਬੈੱਡ ਵੀ ਲੱਕੜ ਦੇ ਹੀ ਬਣਦੇ ਹਨ। ਮੰਜੇ, ਬੈੱਡ, ਮੇਜ, ਰਸੋਈਆਂ ਦੇ ਕਪ-ਬੋਰਡ, ਚੁਗਾਠਾਂ, ਬੱਚਿਆਂ ਦੇ ਡੈਸਕ, ਕਾਊਂਟਰ, ਸਜਾਵਟੀ ਅਲਮਾਰੀਆਂ ਆਦਿ ਜੀਵਨ ਵਿੱਚ ਵਰਤੀਆਂ ਜਾਣ ਵਾਲੀਆਂ ਜਰੂਰੀ ਵਸਤਾਂ ਸਭ ਕੁੱਝ ਲੱਕੜ ਤੋਂ ਹੀ ਬਣਦੀਆ ਹਨ ਅਤੇ ਲੱਕੜ ਤਾਂ ਹੀ ਮਿਲੇਗੀ ਜੇਕਰ ਅਸੀਂ ਪੌਦੇ ਲਗਾਵਾਂਗੇ। ਜੀਵਨ ਖਤਮ ਹੋ ਜਾਣ ਤੇ ਅੰਤਿਮ ਸੰਸਕਾਰ ਵੀ ਪੌਦਿਆਂ ਦੀ ਲੱਕੜ ਨਾਲ ਹੀ ਹੁੰਦਾ ਹੈ। ਇਸ ਲਈ ਸਾਡਾ ਫਰਜ ਬਣ ਜਾਂਦਾ ਹੈ ਕਿ ਅਸੀਂ ਘੱਟੋ-ਘੱਟ ਆਪਣੇ ਵਾਸਤੇ ਤਾਂ ਦੋ-ਚਾਰ ਪੌਦੇ ਜਰੂਰ ਲਗਾਇਏ।

ਇਨਸਾਨਾ ਤੋਂ ਜਿਆਦਾ ਪੰਛੀਆਂ ਨੂੰ ਪੌਦਿਆਂ ਦੀ ਜਰੂਰਤ ਹੈ। ਪੰਛੀਆਂ ਨਾਲ ਹੀ ਕੁਦਰਤ ਦੀ ਸੁੰਦਰਤਾ ਹੈ। ਪੰਛੀਆਂ ਦੇ ਰੈਣ-ਬਸੈਰੇ ਤਾਂ ਬਣਦੇ ਹੀ ਪੌਦਿਆਂ ਤੇ ਹਨ। ਪੰਛੀਆਂ ਲਈ ਆਲਣੇ ਬਣਾ ਕੇ ਖੰਭਿਆਂ ਤੇ ਟੰਗਣ ਬਾਰੇ ਵਿਚਾਰ ਕਰੀਏ ਤਾਂ ਅੱਜ-ਕਲ੍ਹ ਦੇਖੋ ਦੇਖੀ ਆਲਣੇ ਬਣਾ ਕੇ ਖੰਭਿਆਂ ਤੇ ਟੰਗਣ ਦਾ ਬੜਾ ਰਿਵਾਜ ਚੱਲ ਰਿਹਾ ਹੈ ਪਰ ਜਰਾ ਸੋਚੋ ! ਜਿਨ੍ਹੇ ਰੁਪਏ ਦਾ ਇੱਕ ਆਲਣਾ ਹੈ ਜੇਕਰ ਬਾਗਵਾਨੀ ਵਿਭਾਗ ਤੋਂ ਰੁਖ ਲੈਣੇ ਹੋਣ ਤਾ ਉਨੇ ਰੁਪਇਆਂ ਵਿੱਚ ਅਠ-ਦਸ ਵਧੀਆ ਪੌਦੇ ਮਿਲ ਜਾਂਦੇ ਹਨ।

ਵੈਸੇ ਵੀ ਉਹ ਆਲ੍ਹਣੇ ਬਹੁਤ ਉਚੇ ਟੰਗੇ ਜਾਂਦੇ ਹਨ ਗਰਮੀ ਵਿੱਚ ਬਹੁਤ ਗਰਮ ਹੋ ਜਾਦੇ ਹਨ। ਕਈ ਪੰਛਿਆਂ ਦੇ ਬੋਟ ਵਿੱਚ ਹੀ ਤਪਸ ਨਾਲ ਮਰ ਜਾਂਦੇ ਹਨ। ਆਮ ਵਿਅਕਤੀ ਨਾ ਉਥੇ ਪਾਣੀ ਪਾ ਸਕਦਾ ਹੈ ਤੇ ਨਾ ਹੀ ਦਾਣੇ ਪਾ ਸਕਦਾ ਹੈ। ਸੋ ਭੇਡ ਚਾਲ ਵਿੱਚ ਨਾ ਪਵੋ। ਪਹਿਲਾਂ ਸਰਕਾਰਾਂ ਨੇ ਮੁਫਤ ਦੀਆਂ ਚੀਜਾ ਵੰਡ ਕੇ ਨੋਜਵਾਨਾਂ ਨੂੰ ਨਾਕਾਰਾ ਬਣਾਉਣ ਦੀ ਕੋਸ਼ਿਸ ਕੀਤੀ ਹੈ ਤੇ ਹੁੱਣ ਤੁਸੀਂ ਪੰਛੀਆਂ ਨੂੰ ਨਾਕਾਰਾ ਬਣਾ ਕੇ ਉਨ੍ਹਾਂ ਦੀਆਂ ਨਸਲਾਂ ਖਰਾਬ ਕਰਨ ਦੀ ਕੋਸ਼ਿਸ ਕਰ ਰਹੇ ਹੋ। ਨੋਜੁਆਨਾਂ ਨੂੰ ਮੁਫਤ ਦੀਆਂ ਚੀਜਾ ਨਹੀਂ ਰੋਜਗਾਰ ਚਾਹੀਦਾ ਹੈ, ਚੀਜਾਂ ਉਹ ਆਪੇ ਖਰੀਦ ਲੈਣਗੇ। ਇਸੇ ਤਰ੍ਹਾਂ ਪੰਛੀਆਂ ਨੂੰ ਨਕਲੀ ਆਲਣੇ ਨਹੀਂ ਦਰਖਤ ਚਾਹੀਦੇ ਹਨ ਆਲ੍ਹਣੇ ਉਹ ਆਪ ਹੀ ਬਣਾ ਲੈਣਗੇ। ਪੌਦੇ ਲਗਾਉ ਪੰਛੀ ਵੀ ਅਨੰਦ ਲੈਣਗੇ ਤੇ ਸਾਡੀਆ ਆਉਣ ਵਾਲੀਆ ਪੀੜੀਆਂ ਲਈ ਪੰਜਾਬ ਮਾਰੂਥਲ ਹੋਣ ਤੋਂ ਵੀ ਬਚ ਜਾਏਗਾ। ਜੇਕਰ ਜਿਆਦਾ ਦਰਖਤ ਹੋਣਗੇ ਫਿਰ ਬਰਸਾਤ ਵੀ ਖੂਬ ਹੋਵੇਗੀ ਤੇ ਪਾਣੀ ਦੀ ਕਿੱਲਤ ਵੀ ਨਹੀਂ ਹੋਵੇਗੀ।

ਸੋ ਆਉ ! ਵੀਰੋ, ਭੈਣੋ ਤੇ ਦੋਸਤ ਮਿੱਤਰੋ ਆਓ ਪੌਦੇ ਲਗਾਇਏ। ਆਪੋ ਆਪਣੇ ਜਨਮ ਦਿਨ ਤੇ ਪੌਦੇ ਲਗਾਓ, ਆਪਣੇ ਬੱਚਿਆਂ ਦੇ ਜਨਮ ਦਿਨ ਤੇ ਪੌਦੇ ਲਗਾਓ, ਕਿਸੇ ਦੇ ਅਕਾਲ ਚਲਾਣਾ ਕਰ ਗਏ ਬਜੁਰਗਾਂ ਦੀ ਯਾਦ ਵਿੱਚ ਪੌਦੇ ਲਗਾਓ, ਸੰਤਾਂ ਮਹਾਪੁਰਖਾਂ ਦੀਆਂ ਬਰਸੀਆ ਤੇ ਪੌਦੇ ਲਗਾਓ। ਆਪਣੇ ਬੱਚਿਆਂ ਨੂੰ ਫੁਲਾਂ, ਫਲਾਂ ਦੇ ਪੌਦਿਆਂ ਨਾਲ, ਕੁਦਰਤ ਦੇ ਨਾਲ ਪਿਆਰ ਕਰਨਾ ਸਿਖਾਓ। ਬੱਚਿਆਂ ਦੀ ਆਦਤ ਬਣਾਓ ਕਿ ਉਹ ਹਰ ਤਿਉਹਾਰ ਤੇ ਛੋਟੇ-ਵੱਡੇ ਕਿਸੇ ਵੀ ਤਰ੍ਹਾ ਦੇ ਇੱਕ ਜਾਂ ਦੋ ਫੁੱਲਾਂ, ਫਲਾਂ ਆਦਿ ਦੇ ਪੌਦੇ ਜਰੂਰ ਲਗਾਉਣ। ਮੇਰੇ ਅਨੁਸਾਰ ਅੱਜ ਦੇ ਸਮੇਂ ਵਿੱਚ ਖਾਸ ਕਰਕੇ ਪੰਜਾਬ ਅਤੇ ਹੋਰ ਪ੍ਰਾਤ ਜਿਥੇ ਸੜਕਾਂ ਵੇਚ ਕੇ ਵਿਕਾਸ ਦੇ ਨਾ ਤੇ ਕਰੋੜਾਂ ਦਰਖਤ ਪੱਟ ਦਿੱਤੇ ਗਏ ਹਨ ਉਥੇ ਪੌਦੇ ਲਗਾਉਣ ਦੀ ਸੇਵਾ, ਸਭ ਤੋਂ ਵੱਡੀ ਸੇਵਾ ਹੈ।



GURU NANAK
LIBRARY
ऑनलाईन फार्म
एडमिशन फार्म
रिजल्ट
पासपोर्ट
पैन कार्ड
लैमिनेशन
यहां पर सभी प्रकार के Competition से Related Books मार्किट से सस्ते रेटों पर मिलती है।
यहां पर IGNOU, के सभी प्रकार के फार्म भरने की सुविधा है।
99929-99115
onlinesolution811@gmail.com

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿ.ਫਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ ਹੀ ਸੰਪਰਕ ਕੀਤਾ ਜਾਵੇ।




# ਸੰਗਰੂਰ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਜਾ ਰਹੀਆਂ ਸਿੱਖ ਜਥੇਬੰਦੀਆਂ ਨੂੰ ਪੁਲਿਸ ਨੇ ਬੈਰੀਕੇਟ ਲਗਾ ਕੇ ਮਸਤੂਆਣਾ ਸਾਹਿਬ ਵਿਖੇ ਰੋਕਿਆ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਤੇ ਬੰਦੀ ਸਿੰਘਾਂ ਨੂੰ ਰਿਹਾਅ ਕੀਤਾ ਜਾਵੇ -ਅਜਨਾਲਾ, ਖੁਖਰਾਣਾ, ਜੋਗੇਵਾਲਾ





ਧਨੌਲਾ (ਬਰਨਾਲਾ) / ਮਵਦੀਲਾ ਬਿਓਰੋ

ਸਿੱਖ ਸੰਗਤਾਂ ਵੱਲੋਂ ਵੱਡੀ ਗਿਣਤੀ ਚ ਗੁਰਦੁਆਰਾ ਪਾਤਸ਼ਾਹੀ ਨੌਵੀ ਨੇੜੇ ਦਾਣਾ ਮੰਡੀ ਧਨੌਲਾ ਤੋ ਤਕਰੀਬਨ 150 ਗੱਡੀਆਂ ਦੇ ਕਾਫ਼ਲੇ ਨਾਲ ਰੋਸ਼ ਮਾਰਚ ਦੇ ਰੂਪ ਚ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਕੋਠੀ ਸੰਗਰੂਰ ਵੱਲ ਨੂੰ ਰਵਾਨਾ ਹੋਇਆ। ਰੋਸ਼ ਮਾਰਚ ਦਾ ਮੁੱਖ ਕਾਰਣ ਤਿੰਨ ਮੁੱਦੇ ਸਨ ਜਿਨਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿੰਡ ਕਲਿਆਣ ਤੋ ਚੋਰੀ ਹੋਏ ਸਫਰੀ ਸਰੂਪ। ਬੁਰਜ ਜਵਾਹਰ ਸਿੰਘਵਾਲਾ ਤੋ ਚੋਰੀ ਹੋਏ ਸਰੂਪ ਜਿਸ ਦੇ 115 ਅੰਗ ਬਰਗਾੜੀ ਚ ਖਲਾਰੇ ਗਏ। ਬਾਕੀ ਬਚਦੇ ਅੰਗ ਕਿੱਥੇ ਗਏ ? ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਚੋ ਚੋਰੀ ਹੋਏ 328 ਸਰੂਪਾਂ ਦਾ ਥੁਹ ਪਤਾ ਲਾਉਣਾ।

ਇਸ ਮਾਰਚ ਦੇ ਪ੍ਰਬੰਧਕ ਭਾਈ ਅਮਰੀਕ ਸਿੰਘ ਅਜਨਾਲਾ ਬਾਬਾ ਰੇਸ਼ਮ ਸਿੰਘ ਖੁਖਰਾਣਾ, ਬਾਬਾ ਚਮਕੌਰ ਸਿੰਘ, ਗਿ ਹਰਪ੍ਰੀਤ ਸਿੰਘ ਜੋਗੇਵਾਲਾ, ਭਾਈ ਮੇਜਰ ਸਿੰਘ, ਸ੍ਰ ਜਸਕਰਨ ਸਿੰਘ ਕਾਹਨ ਸਿੰਘਵਾਲਾ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਨਾਲ ਸਰਕਾਰ ਨੇ ਵਾਅਦਾ ਖਿਲਾਫੀ ਕੀਤੀ ਹੈ। ਕਿਓਕਿ ਪਿਛਲੇ ਸਾਲ ਦੋ ਜੁਲਾਈ ਨੂੰ ਇਹਨਾਂ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਨੂੰ ਮਿਲੇ ਸਨ। ਕਲਿਆਣ ਮਾਮਲੇ 'ਚ ਇੱਕ ਸਿੱਟ ਦਾ ਗਠਨ ਆਈ ਜੀ ਛੀਨਾਂ ਦੀ ਅਗਵਾਈ 'ਚ ਕੀਤਾ ਗਿਆ ਸੀ। ਜਿਸ ਨੇ ਤਿੰਨ ਮਹੀਨੇ ਦਾ ਟਾਈਮ ਦਿੱਤਾ ਸੀ। ਪਰ ਤੇਰਾਂ ਮਹੀਨੇ ਬੀਤ ਜਾਣ ਤੋਂ ਬਾਅਦ ਵੀ ਮਾਮਲਾ ਜਿਓ ਦਾ ਤਿਓਂ ਹੀ ਖੜਾ ਹੈ। ਜਿਸ ਨੂੰ ਪੁਲੀਸ ਅਤੇ ਸੰਗਤਾਂ ਦੋਸੀ ਮੰਨਦੀਆਂ ਹਨ। ਬਾਬੇ ਗੋਰੇ ਨੂੰ ਪਲੀਸ ਨੇ ਇੱਕ ਵਾਰ ਵੀ ਗ੍ਰਿਫਤਾਰ ਨਹੀ ਕੀਤਾ। ਸਗੋ ਜ਼ਮਾਨਤ ਲੈਣ ਚ ਮੱਦਤ ਕੀਤੀ। ਅਹਿਜੇ ਮਸਲਿਆਂ ਤੇ ਮਿੱਟੀ ਪਾਉਣ ਦੀ ਇਜਾਜ਼ਤ ਹਰਗਿਜ ਨਹੀ ਦਿੱਤੀ ਜਾ ਸਕਦੀ। ਅਸੀ ਸਰਕਾਰ ਨੂੰ ਦੱਸ ਦੇਣਾ ਚਹੰਦੇ ਹਾਂ ਕਿ ਇਹਨਾਂ ਹੀ ਮੁਦਿਆਂ ਨੇ ਬਾਦਲ ਕੈਪਟਨ ਚੰਨੀ ਸਰਕਾਰਾਂ ਦਾ ਬੇੜਾ ਗ਼ਰਕ ਕੀਤਾ ਸੀ। ਜੇ ਤੁਸੀ ਵੀ ਲਾਰੇਲੱਪੇ ਵਾਲੀ ਨੀਤੀ ਅਪਣਾਈ ਤਾਂ ਤੁਹਾਡਾ ਹਾਲ ਵੀ ਉਹਨਾਂ ਵਰਗਾ ਹੀ ਹੋਵੇਗਾ। ਇਸ ਕਰਕੇ ਸਾਨੂੰ ਅੱਜ ਫਿਰ ਸੁੱਤੀ ਸਰਕਾਰ ਨੂੰ ਜਗਾਉਣ ਲਈ ਰੋਸ ਮਾਰਚ ਕੱਢਣ ਵਾਸਤੇ ਮਜਬੂਰ ਹੋਣਾ ਪਿਆ। ਜੇ ਫਿਰ ਵੀ ਸਰਕਾਰ ਦੀ ਅੱਖ ਨਾ ਖੁੱਲੀ ਤਾਂ ਅਗਲਾ ਐਕਸ਼ਨ ਇਸ ਤੋਂ ਵੀ ਸਖ਼ਤ ਹੋਵੇਗਾ। ਜਿਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਅਸੀ ਸਚਾਈ ਨੂੰ ਸਾਮ੍ਹਣੇ ਲਿਉਣ ਵਸਤੇ ਕੋਈ ਕਸਰ ਬਾਕੀ ਨਹੀ ਛੱਡਾਂਗੇ। ਸਰਕਾਰ ਨੂੰ ਇਹਨਾਂ ਅਹਿਮ ਮੁੱਦਿਆਂ ਤੋਂ ਭੱਜਣ ਨਹੀ ਦੇਵਾਂਗੇ। ਜਿਕਰਯੋਗ ਹੈ ਕਿ ਇਸ ਮਾਰਚ 'ਚ ਪੂਰਾ ਚੜ੍ਹਦੀ ਕਲਾ ਦਾ ਆਲਮ ਵੇਖਿਆ ਗਿਆ। ਸਾਰੀਆਂ ਗੱਡੀਆਂ ਉੱਪਰ ਕਾਲੇ ਤੇ ਕੇਸਰੀ ਝੰਡੇ ਪ੍ਰਬੰਧਕਾਂ ਵੱਲੋਂ ਸੰਗਤਾਂ ਨੂੰ ਅਪੀਲ ਕਰਦੇ ਸਟਿੱਕਰ ਲੱਗੇ ਹੋਏ ਸਨ। ਸਾਰੀਆਂ ਗੱਡੀਆਂ ਇੱਕ ਲਾਈਨ 'ਚ ਚੱਲ ਰਹੀਆਂ ਸਨ। ਇਸ ਮੌਕੇ ਵੱਖ-ਵੱਖ ਸੰਪਰਦਾਵਾਂ ਦੇ ਸੰਤ ਮਹਾਂਪੁਰਸ਼ ਜਿੰਨਾਂ ਵਿੱਚ ਦਮਦਮੀ ਟਕਸਾਲ ਸਤਿਕਾਰ ਕਮੇਟੀਆਂ ਦੇ ਸਿੰਘ ਨਿਰਮਲੇ ਉਦਾਸੀ ਸੰਪਰਦਾਵਾਂ ਦੇ ਮਹਾਂਪੁਰਸ ਪੰਥ ਦਰਦੀ ਪੰਥਕ ਆਗੂ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।

ਇਸ ਮੌਕੇ ਬਾਬਾ ਮਹਿੰਦਰ ਸਿੰਘ ਜਨੇਰ ਵਾਲੇ, ਭਾਈ ਓਅੰਕਾਰ ਸਿੰਘ ਭਦੌੜ, ਮਹੰਤ ਕਮਲਜੀਤ ਸਿੰਘ ਸ਼ਾਸਤਰੀ ਸੁਖਾਨੰਦ, ਮਹੰਤ ਦੀਪਕ ਸਿੰਘ ਦੌਧਰ, ਮਹੰਤ ਚਰਨਜੀਤ ਸਿੰਘ ਬੱਧਨੀ, ਬਾਬਾ ਬਾਬਾ ਸੁਖਪ੍ਰੀਤ ਸਿੰਘ ਰਾਜੇਆਣਾ, ਸ੍ਰ ਊਧਮ ਸਿੰਘ ਕਲਕੱਤਾ, ਭਾਈ ਅਮਰੀਕ ਸਿੰਘ ਜ਼ੀਰਾ, ਕੁਲਵੰਤ ਸਿੰਘ ਗਾਦੜੀਵਾਲਾ, ਗਿ. ਪ੍ਰਮਿੰਦਰ ਸਿੰਘ ਦਮਦਮੀ ਟਕਸਾਲ, ਗਿ ਰਾਜਵਿੰਦਰ ਸਿੰਘ ਖ਼ਾਲਸਾ, ਪੰਥਕ ਆਗੂ ਰਣਜੀਤ ਸਿੰਘ ਵਾਂਦਰ, ਪ੍ਰਗਟ ਸਿੰਘ ਮਖੂ, ਸੁਖਚੈਨ ਸਿੰਘ ਅਤਲਾ, ਸਰਪੰਚ ਜਗਤਾਰ ਸਿੰਘ ਲਹੁਕੇ ਪਿੰਡ ਮਨਾਵਾਂ ਆਦਿ ਪੰਥਕ ਜਥੇਬੰਦੀਆਂ ਦੇ ਆਗੂਆਂ ਤੋਂ ਇਲਾਵਾ ਨਾਨਕਨਾਮ ਲੇਵਾ ਸੰਗਤਾਂ ਵੱਡੀ ਗਿਣਤੀ ਵਿੱਚ ਸ਼ਾਮਲ ਹੋਈਆਂ।



# ਗੁਰਦੁਆਰਾ ਚੰਦ ਪੁਰਾਣਾ ਵਿੱਚ ਮਨਾਇਆ ਗਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਮੁੱਚੀ ਮਨੁੱਖਤਾ ਲਈ ਭਲੇ ਦਾ ਪ੍ਰਤੀਕ -ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ



ਮੋਗਾ/ ਭਵਨਦੀਪ ਸਿੰਘ ਪੁਰਬਾ

ਮਾਲਵੇ ਦੇ ਪ੍ਰਸਿੱਧ ਅਤੇ ਪਵਿੱਤਰ ਇਤਿਹਾਸਕ ਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਪਿੰਡ ਚੰਦ ਪੁਰਾਣਾ ਦੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ ਜਿਸ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਪਾਠਾਂ ਦੇ ਭੋਗ ਪਾਏ ਗਏ। ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਇਸ ਮੌਕੇ ਇਕੱਤਰ ਸੰਗਤਾਂ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੀ ਮਹੱਤਤਾ ਦੱਸਦੇ ਹੋਏ ਗੁਰਦਵਾਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਜੀ ਚੰਦ ਪੁਰਾਣੇ ਵਾਲਿਆਂ ਨੇ ਕਿਹਾ ਕਿ ਸਮੁੱਚੀ ਬਾਣੀ ਵਿੱਚ ਸੱਚੇ ਸੁੱਚੇ ਕਰਮ ਕਰਦੇ ਹੋਏ ਅਕਾਲ ਪੁਰਖ ਦਾ ਨਾਮ ਸਦਾ ਸਿਮਰਦੇ ਰਹਿਣ ਦੀ ਤਾਕੀਦ ਕੀਤੀ ਗਈ ਹੈ। ਗੁਰੂ ਸਾਹਿਬ ਜੀ ਦੀ ਬਾਣੀ ਦਾ ਸਿਮਰਨ ਜੀਵਨ ਦਾ ਆਧਾਰ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਬਾਣੀ ਵਿੱਚ ਅਧਿਆਤਮਕਵਾਦ ਦੇ ਨਾਲ ਨਾਲ ਸੰਸਾਰਿਕ ਕਦਰਾਂ-ਕੀਮਤਾਂ ਅਤੇ ਪੌਰਾਣਿਕ ਹਵਾਲੇ ਵੀ ਦਿੱਤੇ ਗਏ। ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੱਚ ਦਾ ਪ੍ਰਕਾਸ਼ ਹੈ ਤੇ ਇਕੋ ਇਕ ਅਕਾਲ ਪੁਰਖ ਦਾ ਨਾਮ ਸਿਮਰਨ ਕਰਨ ਤੇ ਉਸਨੂੰ ਯਾਦ ਰੱਖਣ ਦਾ ਆਦੇਸ਼ ਹੈ। ਇਸ ਨਾਮ 'ਤੇ ਕਿਵੇਂ ਚੱਲਣਾ ਹੈ ਤੇ ਨਾਮ ਨੂੰ ਮਨ 'ਚ ਕਿਸ ਤਰ੍ਹਾਂ ਵਸਾਉਣਾ ਹੈ, ਇਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਖੁੱਲ੍ਹ ਕੇ ਦੱਸਿਆ ਗਿਆ ਹੈ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਕੀ ਧਾਰਮਿਕ ਗ੍ਰੰਥਾਂ ਨਾਲੋਂ ਇਸ ਲਈ ਵੀ ਅਲੱਗ ਹਨ ਕਿਉਂਕਿ ਇਸ ਧਾਰਮਿਕ ਗ੍ਰੰਥ ਦੀ ਸੰਪਾਦਨਾ ਸਿੱਖ ਧਰਮ ਦੇ ਬਾਨੀਆਂ ਵੱਲੋਂ ਆਪ ਕੀਤੀ ਗਈ ਹੈ, ਜਿਸ ਕਰਕੇ ਇਹ ਧਰਮ ਗ੍ਰੰਥ ਸਭ ਪ੍ਰਕਾਰ ਦੇ ਸ਼ੰਕਿਆਂ ਤੋਂ ਮੁਕਤ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕਿਧਰੇ ਵੀ ਸਿੱਖ ਬਾਨੀਆਂ ਦੀਆਂ ਕਥਾ-ਕਹਾਣੀਆਂ ਨੂੰ ਚਮਤਕਾਰੀ ਰੂਪ ਵਿੱਚ ਬਿਆਨ ਨਹੀਂ ਕੀਤਾ ਗਿਆ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਲਈ ਸਿਰਫ਼ ਧਰਮ ਗ੍ਰੰਥ ਹੀ ਨਹੀਂ ਬਲਕਿ ਚਵਰ ਤਖ਼ਤਾਂ ਦੇ ਮਾਲਿਕ, ਦਸ ਪਾਤਸ਼ਾਹੀਆਂ ਦੀ ਜਾਗਦੀ ਜੋਤ ਗੁਰ-ਗੱਦੀ 'ਤੇ ਬਿਰਾਜਮਾਨ ਹਨ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਦੇਸ਼ ਪੂਰੀ ਮਨੁੱਖਤਾ ਲਈ ਹੈ।ਅਸੀਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਿੰਨਾ ਸਤਿਕਾਰ ਕਰਦੇ ਹਾਂ, ਉਨਾਂ ਹੀ ਪਿਆਰ ਵੀ ਕਰੀਏ ਕਿਉਂਕਿ ਜਦੋਂ ਪਿਆਰ ਹੁੰਦਾ ਹੈ, ਉਦੋਂ ਸਮਰਪਣ ਹੁੰਦਾ ਤੇ ਜਦੋਂ ਸਮਰਪਣ ਹੁੰਦਾ ਉਦੋਂ ਇਨਸਾਨ ਦੇ ਮਨ ਵਿੱਚ ਸੀਸ ਝੁਕਾ ਕੇ ਹਰ ਗੱਲ ਮੰਨਣ ਦੀ ਇੱਛਾ ਜਾਗਦੀ ਹੈ ਤੇ ਜਦੋਂ ਅਸੀਂ ਹਰ ਗੱਲ ਮੰਨਦੇ ਹਾਂ ਤਾਂ ਫਿਰ ਮਨ ਨਿਰਮਲ, ਨਿਰਛਲ, ਨਿਰਭਉ, ਨਿਰਵੈਰ ਤੇ ਚੜ੍ਹਦੀਕਲਾ ਵਾਲਾ ਹੋ ਜਾਵੇਗਾ।

# ਸੰਤ ਬਾਬਾ ਪਵਨਦੀਪ ਸਿੰਘ ਜੀ ਦੀ ਸ੍ਰਪਰਸਤੀ ਹੇਠ ਕੇਰ ਵਾਲੀ ਖੂਹੀ ਕੜਿਆਲ ਦਾ ਸਲਾਨਾ ਸੱਤ ਰੋਜ਼ਾ ਸੰਤ ਸਮਾਗਮ ਸਪੰਨ



ਮੋਗਾ/ ਭਵਨਦੀਪ ਸਿੰਘ ਪੁਰਬਾ

ਗੁਰਦੁਆਰਾ ਸਾਹਿਬ ਕੇਰ ਵਾਲੀ ਖੂਹੀ ਕੜਿਆਲ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਸਲਾਨਾ ਸੱਤ ਰੋਜਾ ਮਹਾਨ ਸੰਤ ਸਮਾਗਮ ਮੌਜੂਦਾ ਮੁੱਖ ਸੇਵਾਦਾਰ ਸੰਤ ਬਾਬਾ ਪਵਨਦੀਪ ਸਿੰਘ ਜੀ ਦੀ ਸ੍ਰਪਰਸਤੀ ਹੇਠ ਸਪੰਨ ਹੋਇਆਂ। ਇਸ ਸਬੰਧੀ ਜਾਣਕਾਰੀ ਦਿੰਦਿਆ ਭਵਨਦੀਪ ਸਿੰਘ ਪੁਰਬਾ ਨੇ ਦੱਸਿਆ ਕਿ ਤਪ ਅਸਥਾਨ ਸੰਤ ਬਾਬਾ ਪਾਲਾ ਸਿੰਘ ਜੀ ਗੁਰਦੁਆਰਾ ਸਾਹਿਬ ਕੇਰ ਵਾਲੀ ਖੂਹੀ ਕੜਿਆਲ ਵਿਖੇ ਇਸ ਸੱਤ ਰੋਜਾ ਸੰਤ ਸਮਾਗਮ ਦੀ ਸਮਾਪਤੀ ਤੇ ਵਿਸ਼ਾਲ ਧਾਰਮਿਕ ਦੀਵਾਨ ਸਜਿਆ। ਸੱਤ ਰੋਜਾ ਸਮਾਗਮਾਂ ਵਿੱਚ ਹਰ ਰੋਜ ਸ਼ਾਮ 07:00 ਵਜੇ ਤੋਂ ਰਾਤ 11:00 ਵਜੇ ਤੱਕ ਧਾਰਮਿਕ ਦੀਵਾਨ ਸਜੇ ਜਿਸ ਵਿੱਚ ਪ੍ਰਸਿੱਧ ਕਥਾ ਵਾਚਕ ਅਤੇ ਮਹਾਪੁਰਖਾ ਨੇ ਆਪਣੇ ਪ੍ਰਵਚਨਾ ਦੁਆਰਾ ਸੰਗਤਾ ਨੂੰ ਨਿਹਾਲ ਕੀਤਾ।

ਸੱਤ ਦਿਨਾ ਦੇ ਰਾਤ ਦੇ ਦੀਵਾਨਾ ਦੀ ਸੰਪੂਰਨਤਾ ਤੇ ਸੁਭਾ 10 ਵਜੇ ਸਪਤਾਹਿਕ ਪਾਠ ਦੇ ਭੋਗ ਪਾਏ ਗਏ। ਜਿਸ ਵਿੱਚ ਹਜਾਰਾਂ ਦੀ ਗਿਣਤੀ ਵਿੱਚ ਸੰਗਤ ਹਾਜਰ ਹੋਈ। ਭੋਗ ਉਪਰੰਤ ਧਾਰਮਿਕ ਦੀਵਾਨ ਸਜੇ ਜਿਸ ਵਿੱਚ ਢਾਡੀ ਗਿਆਨੀ ਮਲਕੀਤ ਸਿੰਘ ਪੰਖੇਰੂ, ਬਾਬਾ ਹਰਵਿੰਦਰ ਸਿੰਘ ਜੀ ਰੌਲੀ ਵਾਲੇ, ਸੰਤ ਬਾਬਾ ਮੰਗਾ ਸਿੰਘ ਜੀ ਹਜੂਰ ਸਾਹਿਬ ਵਾਲੇ, ਸੰਤ ਬਾਬਾ ਸਿਵਰਾਓ ਜੀ ਧਰਮਕੋਟ, ਸੰਤ ਬਾਬਾ ਅਮਰਜੀਤ ਸਿੰਘ ਹੀ ਧਰਮਕੋਟ ਨਾਨਕਸਰ ਸਮੇਤ ਅਨੇਕਾ ਹੋਰ ਸੰਤਾ ਮਹਾਪੁਰਖਾ ਨੇ ਸੰਗਤਾ ਨੂੰ ਆਪਣੇ ਪ੍ਰਵਚਨਾ ਦੁਆਰਾ ਨਿਹਾਲ ਕੀਤਾ।

ਸਟੇਜ ਦੀ ਸੇਵਾ ਜੱਥੇਦਾਰ ਕੁਲਵਿੰਦਰ ਸਿੰਘ ਧਰਮਕੋਟ ਵਾਲਿਆ ਨੇ ਨਿਭਾਈ। ਚਾਹ, ਜਲੇਬੀਆਂ, ਠੰਡੇ ਮਿੱਠੇ ਜਲ ਦੀਆਂ ਛਬੀਲਾ ਅਤੇ ਗੁਰੂ ਘਰ ਦੇ ਅਟੁੱਟ ਲੰਗਰ ਚੱਲਦੇ ਰਹੇ। ਅੰਤ ਵਿੱਚ ਮੁੱਖ ਸੇਵਾਦਾਰ ਸੰਤ ਬਾਬਾ ਪਵਨਦੀਪ ਸਿੰਘ ਜੀ ਨੇ ਆਏ ਹੋਏ ਸੰਤਾ ਮਹਾਪੁਰਖਾਂ ਨੂੰ ਸਨਮਾਨਿਤ ਕੀਤਾ ਅਤੇ ਸੰਗਤਾਂ ਦਾ ਧੰਨਵਾਦ ਕੀਤਾ।




# ਸੱਭਿਆਚਾਰਕ ਪ੍ਰੋਗਰਾਮ 'ਸ਼ੋਕਣ ਵਿਰਸੇ ਦੀ' ਸਾਨੋ ਸੌਕਤ ਨਾਲ ਸਪੰਨ



ਮੋਗਾ/ (ਮਵਦੀਲਾ ਬਿਓਰੋ) ਪੰਜਾਬੀ ਸੱਭਿਆਚਾਰ ਦੀ ਪ੍ਰਫੁਲਤਾ ਵਿਚ ਯੋਗਦਾਨ ਪਾਉਣ ਦੇ ਉਪਰਾਲੇ ਨਾਲ ਗੁਰਮੁਖੀ ਦੇ ਵਾਰਿਸ ਪੰਜਾਬੀ ਸਾਹਿਤ ਸਭਾ ਅਤੇ ਵੈਲਫੇਅਰ ਸੋਸਾਇਟੀ (ਰਜਿ:) ਪੰਜਾਬ ਵੱਲੋਂ ਚੇਅਰਮੈਨ ਗੁਰਵੇਲ ਕੋਹਾਲਵੀ ਅਤੇ ਮੋਗਾ ਇਕਾਈ ਦੀ ਜਿਲ੍ਹਾ ਪ੍ਰਧਾਨ ਡਾ. ਸਰਬਜੀਤ ਕੌਰ ਬਰਾੜ ਦੀ ਸੁਪਰਸਤੀ ਹੇਠ ਕਰਵਾਇਆ ਗਿਆ ਸੱਭਿਆਚਾਰਕ ਪ੍ਰੋਗਰਾਮ 'ਸ਼ੇਕਣ ਵਿਰਸੇ ਦੀ' ਸਾਨੇ ਸੈਕਤ ਨਾਲ ਸਪੰਨ ਹੋਇਆ। ਇਸ ਸੱਭਿਆਚਾਰਕ ਪ੍ਰੋਗਰਾਮ ਵਿਚ ਰੱਖੇ ਗਏ ਵਿਰਾਸਤੀ ਸਮਾਨ ਬਾਰੇ ਪੁਛੇ ਗਏ ਪ੍ਰਸ਼ਨ ਉੱਤਰਾਂ ਨੇ ਸਾਰੇ ਪੰਡਾਲ ਵਿਚ ਵਿਰਸੇ ਦੀ ਮਹਿਕ ਖਿਲਾਰ ਦਿੱਤੀ।

'ਸ਼ੇਕਣ ਵਿਰਸੇ ਦੀ' ਪ੍ਰੋਗਰਾਮ ਵਿਚ ਮੈਡਮ ਮਾਲਵਿਕਾ ਸੂਦ (ਸੀਨੀ. ਮੀਤ ਪ੍ਰਧਾਨ: ਪੰਜਾਬ ਪ੍ਰਦੇਸ ਕਾਗਰਸ ਜਿਲ੍ਹਾ ਮੋਗਾ) ਮੁੱਖ ਮਹਿਮਾਨ ਦੇ ਤੌਰ ਤੇ ਹਾਜਰ ਹੋਏ ਜਿਨ੍ਹਾਂ ਨੇ ਰੀਬਨ ਕੱਟ ਕੇ ਪ੍ਰੋਗਰਾਮ ਦੀ ਸ਼ੁਰੂਆਤ ਕਰਵਾਈ ਜਦ ਕਿ ਇਸ ਮੌਕੇ ਡਾ. ਅਜੀਤਪਾਲ ਸਿੰਘ ਜਟਾਣਾ (ਜਿਲ੍ਹਾ ਭਾਸ਼ਾ ਅਫਸਰ ਮੋਗਾ), ਸ. ਬਲਜੀਤ ਸਿੰਘ ਚਾਨੀ (ਮੇਅਰ: ਮਿਉਸੀਪਲ ਕਾਰਪੋਰੇਸ਼ਨ, ਮੋਗਾ), ਮੈਡਮ ਭਾਗਵੰਤੀ ਪੁਰਬਾ (ਉੱਪ ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ' ਬਿਓਰੋ), ਦੀਪਕ ਕੈੜਾ (ਐਮ.ਡੀ. ਇਕਸਪਰਟ ਇਮੀਗ੍ਰੇਸ਼ਨ, ਮੋਗਾ), ਪ੍ਰਸਿੱਧ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ, ਮੈਡਮ ਭਾਵਨਾ ਬਾਸਲ (ਪ੍ਰਧਾਨ: ਅਗਰਵਾਲ ਸਭਾ ਵੂਮੈਨ ਸੈਲ, ਮੋਗਾ), ਮੈਡਮ ਜੇਤੀ ਸੂਦ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਹਾਜਰ ਹੋਏ। ਇਸ ਪ੍ਰੋਗਰਾਮ ਰੂਪ ਰੇਖਾ ਤਿਆਰ ਕਰਨ ਵਿਚ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਅਤੇ ਹਰਪ੍ਰੀਤ ਸਿੰਘ ਹੈਪੀ ਦਾ ਵਿਸ਼ੇਸ਼ ਸਹਿਯੋਗ ਰਿਹਾ। ਸਟੇਜ ਦੀ ਸੇਵਾ ਵਿਜੇਤਾ ਭਾਰਤਵਾਜ ਨੇ ਬਾਖੂਬੀ ਨਿਭਾਈ। ਪ੍ਰੋਗਰਾਮ ਦੇ ਪ੍ਰਸਾਰਨ ਅਤੇ ਫੋਟੋਗ੍ਰਾਫੀ ਵਿਚ ਬਾਲ ਕਲਾਕਾਰ ਉਮੰਗਦੀਪ ਕੌਰ ਪੁਰਬਾ ਅਤੇ ਏਕਮਜੋਤ ਸਿੰਘ ਪੁਰਬਾ ਨੇ ਵਿਸ਼ੇਸ ਸੇਵਾ ਨਿਭਾਈ।

ਇਸ ਮੌਕੇ ਗੁਰਮੁਖੀ ਦੇ ਵਾਰਿਸ ਪੰਜਾਬੀ ਸਾਹਿਤ ਸਭਾ ਅਤੇ ਵੈਲਫੇਅਰ ਸੋਸਾਇਟੀ (ਰਜਿ:) ਦੀ ਪੰਜਾਬ ਟੀਮ ਦੇ ਚੇਅਰਮੈਨ ਗੁਰਵੇਲ ਕੋਹਾਲਵੀ, ਸੁਪਰਸਤ ਡਾ. ਗੁਰਚਰਨ ਕੌਰ ਕੋਛੜ, ਸੁਪਰਸਤ ਡਾ. ਹਰੀ ਸਿੰਘ ਜਾਚਕ, ਰੁਪਿੰਦਰ ਕੌਰ ਸੰਧੂ ਕੋਹਾਲਵੀ (ਐਮ.ਡੀ.), ਸਰਪ੍ਰਸਤ ਡਾ. ਗੁਰਚਰਨ ਕੌਰ, ਡਾ ਆਤਮਾਂ ਸਿੰਘ ਗਿੱਲ ਸੀਨੀਅਰ ਮੀਤ ਪ੍ਰਧਾਨ, ਡਾ. ਰਾਕੇਸ਼ ਤਿਲਕ ਰਾਜ ਸਲਾਹਕਾਰ, ਮੀਤ ਪ੍ਰਧਾਨ ਮਨਦੀਪ ਭਦੌੜ, ਉੱਪ ਪ੍ਰਧਾਨ ਮਨਦੀਪ ਕੌਰ ਮੋਗਾ, ਜਰਨਲ ਸਕੱਤਰ ਅਰਸ਼ਪ੍ਰੀਤ ਕੌਰ ਸਰੋਆ ਆਦਿ ਮੁੱਖ ਤੌਰ ਤੇ ਹਾਜਰ ਹੋਏ। ਇਸ ਪ੍ਰੋਗਰਾਮ ਵਿਚ ਸਾਰੇ ਪੰਜਾਬ ਤੋਂ ਪਹੁੰਚੀਆਂ ਕਵਿਤਰੀਆਂ ਹਰਜੀਤ ਕੌਰ ਗਿੱਲ, ਕਰਮਜੀਤ ਕੌਰ ਲੰਡੇਕੇ, ਸੋਨੀਆ ਸਿਮਰ, ਹਰਜਿੰਦਰ ਕੌਰ ਗਿੱਲ, ਜਸਵਿੰਦਰ ਕੌਰ ਜੱਸੀ, ਨਿਰਮਲ ਕੌਰ ਨਿੰਮੀ, ਜੇਤੀ ਸ਼ਰਮਾ, ਅੰਜਨਾ ਮੈਨਨ, ਜਸਪ੍ਰੀਤ ਕੌਰ ਬੱਬੂ, ਨਿਕਿਤਾ ਖੁਰਾਣਾ, ਪ੍ਰਿਆ ਗਰਗ, ਕਿਰਨਦੀਪ ਕੌਰ ਦੇਹੜਕਾ, ਸੁਖਪ੍ਰੀਤ ਕੌਰ ਡਾਲਾ, ਰਣਜੀਤ ਕੌਰ ਡਾਲਾ, ਅਮਰਜੀਤ ਕੌਰ ਡਾਲਾ, ਵੀਰਪਾਲ ਕੌਰ ਬਠਿੰਡਾ, ਮਨਿੰਦਰ ਕੌਰ ਬੇਦੀ, ਪਰਮ ਪ੍ਰੀਤ ਕੌਰ ਬਠਿੰਡਾ, ਨਿੰਦਰਜੀਤ ਕੌਰ, ਹਰਲੀਨ ਕੌਰ, ਰਜਨੀ ਮੋਗਾ, ਨੇ ਆਪਣੀਆਂ-ਆਪਣੀਆਂ ਕਵਿਤਾਵਾਂ, ਟੱਪੇ, ਬੋਲੀਆਂ, ਗੀਤ ਆਦਿ ਪੇਸ਼ ਕੀਤੇ ਗਏ। ਇਸ ਤੋਂ ਇਲਾਵਾ ਰਾਜ ਕੁਮਾਰ ਖੁਰਾਣਾ, ਸਰਵਣ ਸਿੰਘ ਡਾਲਾ, ਸੋਨੀ ਮੋਗਾ, ਉਪਿੰਦਰ ਸਿੰਘ, ਹਰਦਿਆਲ ਸਿੰਘ, ਜਗਦੀਪ ਸਿੰਘ, ਚਰਨ ਸਿੰਘ ਭਦੇੜ ਨੇ ਵੀ ਆਪਣੀ ਹਾਜਰੀ ਲਵਾਈ। ਇਸ ਮੌਕੇ ਗੀਤਕਾਰ ਰਣਜੀਤ ਸਿੰਘ ਸਿੰਘਾਵਾਲਾ ਅਤੇ ਸੂਫੀ ਗਾਇਕ ਸੰਜੀਵ ਸੂਫੀ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

## ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਜਾਗਰੂਕਤਾ ਬੱਸ ਰੈਲੀ 23 ਸਤੰਬਰ ਤੋਂ 27 ਤੱਕ -ਹਰਜੀਤ ਕੌਰ ਗਿੱਲ

ਮੋਗਾ/ ਕੁਲਵਿੰਦਰ ਸਿੰਘ ਤਾਰੇਵਾਲਾ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਜਾਗਰੂਕਤਾ ਬੱਸ ਰੈਲੀ ਪੰਜਾਬ ਵਿੱਚ 23 ਸਤੰਬਰ ਤੋਂ 27 ਤੱਕ ਕੱਢੀ ਜਾ ਰਹੀ ਹੈ। ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਸੀਨੀਅਰ ਮੀਤ ਜਨਰਲ ਸਕੱਤਰ ਮੈਡਮ ਹਰਜੀਤ ਕੌਰ ਗਿੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਂ ਬੋਲੀ ਪੰਜਾਬੀ ਦਾ ਸੁਨੇਹਾ ਘਰ ਘਰ ਤੱਕ ਪਹੁੰਚਾਉਣ ਲਈ ਸੰਸਥਾ ਵੱਲੋਂ ਇੱਕ ਬੱਸ ਰੈਲੀ 23 ਸਤੰਬਰ ਨੂੰ ਚੰਡੀਗੜ੍ਹ ਤੋਂ ਰਵਾਨਾ ਹੋਵੇਗੀ ਅਤੇ ਵੱਖ ਵੱਖ ਸ਼ਹਿਰਾਂ ਵਿੱਚੋਂ ਹੁੰਦੀ ਹੋਈ ਮਿਤੀ 25 ਸਤੰਬਰ ਨੂੰ ਡੀ.ਐਮ. ਕਾਲਜ ਮੋਗਾ ਵਿਖੇ ਪਹੁੰਚੇਗੀ।

ਇਸ ਸਬੰਧੀ ਮੈਡਮ ਹਰਜੀਤ ਕੌਰ ਗਿੱਲ ਨੇ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਦੇ ਸਹਿਯੋਗ ਨਾਲ ਵੱਖ-ਵੱਖ ਸਾਹਿਤ ਸਭਾਵਾਂ ਦੇ ਪ੍ਰਤੀਨਿਧਾਂ ਅਤੇ ਸ਼ਹਿਰ ਦੀਆਂ ਹੋਰ ਮਾਣਯੋਗ ਸ਼ਖ਼ਸੀਅਤਾਂ ਡਾ. ਅਮਨਦੀਪ ਕੌਰ ਅਰੋੜਾ (ਐਮ.ਐਲ.ਏ. ਮੋਗਾ), ਸ. ਕੁਲਵੰਤ ਸਿੰਘ (ਡਿਪਟੀ ਕਮਿਸ਼ਨਰ), ਸ਼੍ਰੀ ਜੇ.ਇਲਨਚੇਲੀਅਨ (ਐਸ.ਐਸ.ਪੀ. ਮੋਗਾ), ਬਲਜੀਤ ਸਿੰਘ ਚਾਨੀ (ਮੇਅਰ: ਮੋਗਾ), ਮੈਡਮ ਮਾਲਵਿਕਾ ਸੂਦ (ਸੀਨੀ. ਮੀਤ ਪ੍ਰਧਾਨ: ਕਾਗਰਸ ਜਿਲ੍ਹਾ ਮੋਗਾ), ਡਾ. ਅਜੀਤਪਾਲ ਸਿੰਘ ਜਟਾਣਾ (ਜਿਲ੍ਹਾ ਭਾਸ਼ਾ ਅਫਸਰ ਮੋਗਾ), ਆਦਿ ਨੂੰ ਸੱਦਾ ਪੱਤਰ ਸੌਂਪੇ ਅਤੇ ਰੈਲੀ ਵਿੱਚ ਸ਼ਿਰਕਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਮੋਗਾ ਜਿਲ੍ਹੇ ਦੇ ਸਮੂੰਹ ਲੇਖਕਾਂ ਨੂੰ ਇਸ ਮਾਰਚ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜਿਲ੍ਹਾ ਮੋਗਾ ਦੀਆਂ ਗਤੀਵਿਧੀਆਂ

## ਡਾ. ਐਸ ਪੀ ਸਿੰਘ ਉਬਰਾਏ ਵੱਲੋਂ ਡਿੱਗੇ ਅਤੇ ਨੁਕਸਾਨੇ ਗਏ ਮਕਾਨਾਂ ਦੀ ਮੁੜ ਉਸਾਰੀ ਕਰਵਾਈ ਜਾ ਰਹੀ ਹੈ

ਮੋਗਾ/ ਭਵਨਦੀਪ ਸਿੰਘ ਪੁਰਬਾ


ਪ੍ਰੋ. (ਡਾ.) ਐਸ.ਪੀ. ਸਿੰਘ ਓਬਰਾਏ

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐਸ ਪੀ ਸਿੰਘ ਉਬਰਾਏ ਜੀ ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਲਈ ਆਪਣੇ ਕੀਤੇ ਗਏ ਐਲਾਨ ਮੁਤਾਬਿਕ ਜਿੱਥੇ ਪਿਛਲੇ ਮਹੀਨਿਆਂ ਦੌਰਾਨ ਉਨ੍ਹਾਂ ਲਈ ਰਾਸ਼ਨ ਪਾਣੀ, ਦਵਾਈਆਂ, ਤਰਪਾਲਾਂ, ਮੱਛਰ ਦਾਨੀਆਂ, ਪਸ਼ੂਆਂ ਲਈ ਹਰੇ ਚਾਰੇ ਅਤੇ ਫੀਡ ਆਦਿ ਦਾ ਪ੍ਰਬੰਧ ਕੀਤਾ ਗਿਆ ਹੈ, ਉਥੇ ਉਨ੍ਹਾਂ ਨੇ ਹੜਾਂ ਦੇ ਕਾਰਨ ਡਿੱਗੇ ਜਾਂ ਨੁਕਸਾਨੇ ਗਏ ਮਕਾਨਾਂ ਦਾ ਸਰਵੇ ਕੀਤਾ ਜਾ ਕੀਤਾ ਤਾਂ ਜੋ ਜਿਨ੍ਹਾਂ ਮਕਾਨਾਂ ਦੀ ਮੁੜ ਉਸਾਰੀ ਜਾਂ ਰਿਪੇਅਰ ਦੀ ਲੋੜ ਹੈ, ਉਹ ਕਰਵਾਈ ਜਾ ਸਕੇ।

ਇਸੇ ਸਬੰਧ ਵਿੱਚ ਉਨ੍ਹਾਂ ਦੀਆਂ ਟੀਮਾਂ ਵੱਲੋਂ ਹੜ੍ਹ ਪ੍ਰਭਾਵਿਤ ਸੱਤ ਪਿੰਡਾਂ ਦਾ ਦੌਰਾ ਕਰਨ ਉਪਰੰਤ ਉਨ੍ਹਾਂ ਦੇ ਫਾਰਮ ਭਰੇ ਗਏ। ਮੋਗਾ ਦੇ ਟਰੱਸਟੀਆਂ ਵੱਲੋਂ ਪਿੰਡ ਸੰਘੇੜਾ ਵਿੱਚ ਡਿੱਗੇ ਅਤੇ ਨੁਕਸਾਨੇ ਗਏ ਮਕਾਨਾਂ ਦਾ ਸਰਵੇ ਕੀਤਾ ਅਤੇ ਜਿਨ੍ਹਾਂ ਮਕਾਨਾਂ ਦੀ ਮੁੜ ਉਸਾਰੀ ਜਾਂ ਰਿਪੇਅਰ ਦੀ ਲੋੜ ਹੈ, ਉਨ੍ਹਾਂ ਦੇ ਟਰੱਸਟ ਦੀ ਟੀਮ ਵੱਲੋਂ ਫਾਰਮ ਭਰੇ ਗਏ।

## ਸਰਬੱਤ ਦਾ ਭਲਾ ਟਰੱਸਟ ਜ਼ਿਲ੍ਹਾ ਮੋਗਾ ਦਾ ਪੁਨਰ ਗਠਨ

## ਮਹਿੰਦਰਪਾਲ ਲੂੰਬਾ ਦੀ ਜਗ੍ਹਾ ਰਣਜੀਤ ਸਿੰਘ ਧਾਲੀਵਾਲ ਨਵਾਂ ਪ੍ਰਧਾਨ ਨਿਯੁਕਤ



ਮੋਗਾ/ ਮਵਦੀਲਾ ਬਿਓਰੋ

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜਿਲ੍ਹਾ ਮੋਗਾ ਦੀ ਇੱਕ ਹੰਗਾਮੀ ਮੀਟਿੰਗ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾ ਦੀ ਸੂਪਰਸਤੀ ਵਿੱਚ ਮੁੱਖ ਦਫਤਰ ਬਸਤੀ ਗੋਬਿੰਦਗੜ੍ਹ ਵਿਖੇ ਹੋਈ। ਜਿਸ ਵਿੱਚ ਟਰੱਸਟ ਦੇ ਪ੍ਰਧਾਨ ਮਹਿੰਦਰਪਾਲ ਲੂੰਬਾ ਵੱਲੋਂ ਆਪਣੇ ਪ੍ਰਧਾਨਗੀ ਦੇ ਅਹੁੱਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਉਸ ਦੀ ਜਗ੍ਹਾਂ ਤੇ ਸਰਬ ਸੰਮਤੀ ਨਾਲ ਰਣਜੀਤ ਸਿੰਘ ਧਾਲੀਵਾਲ ਨੂੰ ਟਰੱਸਟ ਦਾ ਨਵਾਂ ਪ੍ਰਧਾਨ ਨਿਯੁਕਤ ਕੀਤਾ ਗਿਆ। ਜਦ ਕਿ ਦਵਿੰਦਰਜੀਤ ਸਿੰਘ ਗਿੱਲ ਨੂੰ ਟਰੱਸਟ ਦੀ ਮੋਗਾ ਇਕਾਈ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ।

ਬਾਕੀ ਸਾਰੇ ਮੈਂਬਰ ਆਪਣੇ ਅਹੁੱਦਿਆ ਤੇ ਪਹਿਲਾ ਦੀ ਤਰ੍ਹਾਂ ਬਣੇ ਰਹਿਣਗੇ। ਇਸ ਸਬੰਧੀ ਮਤੇ ਨੂੰ ਮੌਜੂਦਾ ਟਰੱਸਟੀਆਂ ਨੇ ਸਰਬ ਸੰਮਤੀ ਨਾਲ ਪਾਸ ਕੀਤਾ ਅਤੇ ਅਗਲੀ ਕਾਰਵਾਈ ਲਈ ਇਸ ਮਤੇ ਨੂੰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁੱਖ ਦਫਤਰ ਪਟਿਆਲਾ ਵਿਖੇ ਭੇਜਿਆ ਜਾਵੇਗਾ।

ਅੱਜ ਦੀ ਇਸ ਅਹਿਮ ਮੀਟਿੰਗ ਵਿੱਚ ਮਹਿੰਦਰਪਾਲ ਲੂੰਬਾ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜਿਲ੍ਹਾ ਮੋਗਾ ਦੇ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾ, ਜਿਲ੍ਹਾ ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ, ਮੁੱਖ ਸਲਾਹਕਾਰ ਗੁਰਸੇਵਕ ਸਿੰਘ ਸੰਨਿਆਸੀ, ਸੀਨੀ. ਮੀਤ ਪ੍ਰਧਾਨ ਹਰਭਿੰਦਰ ਸਿੰਘ ਜਾਨੀਆ, ਮੀਤ ਪ੍ਰਧਾਨ ਅਵਾਤਾਰ ਸਿੰਘ ਘੋਲੀਆ, ਖਜਾਨਚੀ ਗੋਕਲ ਚੰਦ ਬੁੱਘੀਪੁਰਾ, ਜਰਨਲ ਸਕੱਤਰ ਰਣਜੀਤ ਸਿੰਘ ਧਾਲੀਵਾਲ, ਐਗਜੈਕਟਿਵ ਮੈਂਬਰ ਜਗਤਾਰ ਸਿੰਘ ਜਾਨੀਆ, ਇਕਬਾਲ ਸਿੰਘ ਖੋਸਾ, ਦਵਿੰਦਰਜੀਤ ਸਿੰਘ ਗਿੱਲ, ਦਰਸ਼ਨ ਸਿੰਘ ਲੋਪੋ, ਮੈਡਮ ਨਰਜੀਤ ਕੌਰ ਬਰਾੜ, ਕੁਲਵਿੰਦਰ ਸਿੰਘ ਰਾਮੂੰਵਾਲੀਆ, ਜਸਵਿੰਦਰ ਸਿੰਘ ਰਖਰਾ, ਹਰਮਿੰਦਰ ਕੋਟਲਾ ਆਦਿ ਮੁੱਖ ਤੌਰ ਤੇ ਹਾਜਰ ਸਨ।

## ਦਲਜੀਤ ਸਿੰਘ ਨਸੀਰਪੁਰ ਜਾਨੀਆ ਨੇ ਕੀਤਾ 21 ਵੀ ਵਾਰ ਖ਼ੂਨਦਾਨ

### ਡਾ. ਐਸ.ਪੀ. ਸਿੰਘ ਉਬਰਾਏ ਜੀ ਦੀਆਂ ਸੇਵਾਵਾਂ ਬੇਮਿਸਾਲ ਹਨ ਜਿਨ੍ਹਾਂ ਤੋਂ ਮੈਂ ਬਹੁੱਤ ਪ੍ਰਭਾਵਿਤ ਹਾਂ -ਦਲਜੀਤ ਸਿੰਘ ਜਾਨੀਆ



ਮੋਗਾ/ (ਬਿਓਰੋ) ਖ਼ੂਨਦਾਨ ਨੂੰ ਸਭ ਤੋਂ ਉੱਤਮਦਾਨ ਮੰਨਿਆ ਜਾਦਾ ਹੈ। ਇਸੇ ਦੇ ਚੱਲਦਿਆ ਸ. ਦਲਜੀਤ ਸਿੰਘ ਨਸੀਰਪੁਰ ਜਾਨੀਆ ਨੇ ਅੱਜ 21 ਵੀ ਵਾਰ ਆਪਣਾ ਖ਼ੂਨਦਾਨ ਕੀਤਾ। ਉਨ੍ਹਾਂ ਨੇ ਅੱਜ ਖ਼ੂਨਦਾਨ ਕਰਨ ਮੌਕੇ ਦੱਸਿਆ ਕਿ ਉਹ ਹਰ ਤਿੰਨ ਮਹੀਨੇ ਬਾਅਦ ਖ਼ੂਨਦਾਨ ਕਰਦੇ ਹਨ। ਉਨ੍ਹਾਂ ਇਸ ਮੌਕੇ ਉੱਘੇ ਸਮਾਜ ਸੇਵਕ ਡਾ. ਐਸ.ਪੀ. ਸਿੰਘ ਉਬਰਾਏ ਜੀ ਦੀ ਪ੍ਰਸੰਸਾ ਕਰਦਿਆ ਕਿਹਾ ਕਿ ਉਨ੍ਹਾਂ ਦੀਆਂ ਸੇਵਾਵਾਂ ਬੇਮਿਸਾਲ ਹਨ ਜਿਨ੍ਹਾਂ ਤੋਂ ਮੈਂ ਬਹੁੱਤ ਪ੍ਰਭਾਵਿਤ ਹਾਂ। ਦਲਜੀਤ ਸਿੰਘ ਜਾਨੀਆ ਨੇ ਇਸ ਮੌਕੇ ਆਪਣੀਆ ਅੱਖਾਂ ਦਾਨ ਕਰਨ ਦੀ ਇੱਛਾ ਵੀ ਪ੍ਰਗਟ ਕੀਤੀ।

ਇਸ ਮੌਕੇ ਸਰਬੱਤ ਦਾ ਭਲਾ ਟਰੱਸਟ ਇਕਾਈ ਮੋਗਾ ਦੇ ਟਰੱਸਟੀ ਜਿਲ੍ਹਾ ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ, ਸੀਨੀ. ਮੀਤ ਪ੍ਰਧਾਨ ਹਰਭਿੰਦਰ ਸਿੰਘ ਜਾਨੀਆ, ਮੁੱਖ ਸਲਾਹਕਾਰ ਗੁਰਸੇਵਕ ਸਿੰਘ ਸੰਨਿਆਸੀ, ਟਰੱਸਟੀ ਜਗਤਾਰ ਸਿੰਘ ਜਾਨੀਆ ਆਦਿ ਹਾਜ਼ਰ ਸਨ।

## ਸਰਬੱਤ ਦਾ ਭਲਾ ਟਰੱਸਟ ਵੱਲੋਂ 150 ਵਿਧਵਾ ਔਰਤਾਂ ਮਹੀਨਾਵਾਰ ਪੈਨਸ਼ਨਾਂ ਦੇ ਚੈਕ ਵੰਡੇ ਗਏ

### ਲਾਭਪਾਤਰੀ ਔਰਤਾਂ ਦੀ ਸਹੂਲਤ ਵਾਸਤੇ ਮਹੀਨੇ ਦੀਆਂ ਦੋ ਤਰੀਖਾਂ ਰਾਖਵੀਆਂ ਰੱਖੀਆਂ ਜਾਣਗੀਆਂ -ਰਣਜੀਤ ਸਿੰਘ ਧਾਲੀਵਾਲ



ਮੋਗਾ/ (ਮਵਦੀਲਾ ਬਿਓਰੋ) ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐਸ.ਪੀ. ਸਿੰਘ ਉਬਰਾਏ ਵੱਲੋਂ ਬਸਤੀ ਗੋਬਿੰਦਗੜ੍ਹ ਮੋਗਾ ਵਿੱਚ ਖੋਲ੍ਹੀ ਗਈ ਸੰਨੀ ਉਬਰਾਏ ਚੈਰੀਟੇਬਲ ਲੈਬ ਮੋਗਾ ਇਲਾਕੇ ਦੇ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੀ ਹੈ ਕਿਉਂਕਿ ਇਸ ਲੈਬ ਵਿੱਚ ਸਾਰੇ ਟੈਸਟ ਬਜਾਰ ਨਾਲੋਂ 70% ਤੋਂ 80% ਸਸਤੇ ਰੇਟਾਂ ਤੇ ਕੀਤੇ ਜਾ ਰਹੇ ਹਨ ਅਤੇ ਰੋਜਾਨਾ ਵੱਡੀ ਗਿਣਤੀ ਵਿੱਚ ਮਰੀਜ ਇਸ ਦਾ ਲਾਹਾ ਲੈ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਟਰੱਸਟ ਦੇ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ ਨੇ ਪੈਨਸ਼ਨ ਵੰਡਣ ਮੌਕੇ ਕੀਤਾ।

ਸਰਬੱਤ ਦਾ ਭਲਾ ਟਰੱਸਟ ਮੋਗਾ ਦੇ ਜਿਲ੍ਹਾ ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ ਨੇ ਦੱਸਿਆ ਕਿ ਟਰੱਸਟ ਦੇ ਪ੍ਰਧਾਨ ਰਣਜੀਤ ਸਿੰਘ ਧਾਲੀਵਾਲ ਦੀ ਪ੍ਰਧਾਨਗੀ ਹੇਠ ਚੈਕਵੰਡ ਸਮਾਰੋਹ ਹੋਇਆ ਜਿਸ ਵਿੱਚ ਬੋਲਦਿਆਂ ਟਰੱਸਟ ਦੇ ਪ੍ਰਧਾਨ ਰਣਜੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਸਰਬੱਤ ਦਾ ਭਲਾ ਟਰੱਸਟ ਵੱਲੋਂ ਡਾ. ਐਸ.ਪੀ. ਸਿੰਘ ਉਬਰਾਏ ਜੀ ਦੀ ਅਗਵਾਈ ਵਿੱਚ 150 ਦੇ ਕਰੀਬ ਵਿਧਵਾ ਔਰਤਾਂ ਨੂੰ ਉਹਨਾਂ ਦੇ ਬੱਚਿਆਂ ਦੀ ਪੜ੍ਹਾਈ ਲਿਖਾਈ ਲਈ ਪਿਛਲੇ ਨੌ ਸਾਲ ਤੋਂ ਹਰ ਮਹੀਨੇ ਪੈਨਸ਼ਨ ਦਿੱਤੀ ਜਾ ਰਹੀ ਹੈ। ਇਸੇ ਕੜੀ ਤਹਿਤ ਅੱਜ ਸਰਬੱਤ ਦਾ ਭਲਾ ਟਰੱਸਟ ਦੇ ਟਰੱਸਟੀਆਂ ਵੱਲੋਂ 150 ਦੇ ਕਰੀਬ ਵਿਧਵਾ ਔਰਤਾਂ ਨੂੰ ਚੈੱਕ ਵੰਡੇ ਗਏ ਹਨ। ਅੱਜ ਹਾਜਰ ਹੋਈਆਂ ਲਾਭਪਾਤਰੀ ਔਰਤਾਂ ਵੱਲੋਂ ਇਹ ਪੈਨਸ਼ਨ ਦੇ ਚੈੱਕ ਹਾਸਿਲ ਕਰ ਲਏ ਗਏ ਹਨ, ਬਾਕੀ ਰਹਿੰਦੀਆਂ ਲਾਭਪਾਤਰੀ ਔਰਤਾਂ ਜਿਲ੍ਹਾ ਮੁੱਖ ਦਫਤਰ ਤੋਂ ਆਪਣੇ ਚੈੱਕ ਹਾਸਿਲ ਕਰ ਲੈਣਗੀਆਂ। ਉਨ੍ਹਾਂ ਇਹ ਵੀ ਦੱਸਿਆ ਕਿ ਆਉਣ ਵਾਲੇ ਮਹੀਨੇ ਤੋਂ ਲਾਭਪਾਤਰੀ ਔਰਤਾਂ ਦੀ ਸਹੂਲਤ ਵਾਸਤੇ ਮਹੀਨੇ ਦੀਆਂ ਦੋ ਤਰੀਖਾਂ ਰਾਖਵੀਆਂ ਰੱਖੀਆਂ ਜਾਣਗੀਆਂ ਤਾਂ ਜੋ ਕਿਸੇ ਵੀ ਲਾਭਪਾਤਰੀ ਔਰਤ ਨੂੰ ਖੱਜਲ ਖੁਆਰ ਨਾ ਹੋਣਾ ਪਵੇ।

## ਸਬਰੰਗ ਵੈਲਫੇਅਰ ਕਲੱਬ ਵੱਲੋਂ ਪਿੰਡ ਬੁੱਘੀਪੁਰਾ ਵਿਖੇ ਲੱਗੇ ਖ਼ੂਨਦਾਨ ਕੈਂਪ ਵਿੱਚ ਹੋਇਆ 35 ਯੂਨਿਟ ਖ਼ੂਨਦਾਨ



### ਸਾਨੂੰ ਆਪਣਾ ਖ਼ੂਨ ਨਸ਼ਿਆ ਜਾਂ ਲੜਾਈ ਝਗੜੇ ਵਿੱਚ ਵਹਾਉਣ ਦੀ ਬਜਾਏ ਦਾਨ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਕਿਸੇ ਦੀ ਜਾਨ ਬਚਾਉਣ ਵਿਚ ਸਹਾਈ ਹੋ ਸਕੀਏ -ਨਰੇਸ਼ ਕੁਮਾਰ ਚਾਵਲਾ

ਮੋਗਾ/ (ਰਾਜਿੰਦਰ ਖੋਸਾ) ਸਬਰੰਗ ਵੇਲਫੇਅਰ ਕਲੱਬ ਬੁੱਘੀਪੁਰਾ ਵੱਲੋਂ ਸਮਾਜ ਸੇਵੀ ਸ਼੍ਰੀ ਗੋਕਲ ਚੰਦ ਜੀ ਦੀ ਸੂਪਰਸਤੀ ਹੇਠ ਰੂਰਲ ਐੱਨ.ਜੀ.ਓ. ਕਲੱਬਜ ਐਸੋਸੀਏਸ਼ਨ ਮੋਗਾ ਦੇ ਸਹਿਯੋਗ ਨਾਲ ਪਿੰਡ ਵਿੱਚ ਖ਼ੂਨਦਾਨ ਕੈਂਪ ਦਾ ਆਯੋਜਿਨ ਕੀਤਾ ਗਿਆ। ਇਸ ਖ਼ੂਨਦਾਨ ਕੈਂਪ ਵਿੱਚ ਪੰਜ ਔਰਤਾਂ ਸਮੇਤ 35 ਖ਼ੂਨਦਾਨੀਆਂ ਨੇ ਖ਼ੂਨਦਾਨ ਕਰਕੇ ਇਸ ਮਹਾਦਾਨ ਵਿੱਚ ਯੋਗਦਾਨ ਪਾਇਆ। ਇਸ ਕੈਂਪ ਵਿੱਚ ਸ਼੍ਰੀ ਨਰੇਸ਼ ਕੁਮਾਰ ਚਾਵਲਾ (ਜੋਆਇੰਟ ਸੈਕਟਰੀ: ਆਮ ਆਦਮੀ ਪਾਰਟੀ ਪੰਜਾਬ) ਮੁੱਖ ਮਹਿਮਾਨ ਦੇ ਤੌਰ ਤੇ ਹਾਜਰ ਹੋਏ। ਇਸ ਮੌਕੇ ਬੋਲਦਿਆ ਉਨ੍ਹਾਂ ਆਪਣੇ ਬਾਰੇ ਦੱਸਿਆ ਕਿ ਮੈਂ 47 ਵਾਰ ਖੁਨ ਦਾਨ ਕਰ ਚੁੱਕਾ ਹਾਂ। ਮੇਰਾ ਤਿੰਨ ਮਹੀਨੇ ਦਾ ਰਿਮਾਇਡਰ ਲੱਗਿਆ ਹੋਇਆ ਹੈ ਅਤੇ ਮੈਨੂੰ ਹਰ ਵਾਰ ਖ਼ੂਨਦਾਨ ਕਰਨ ਵਿੱਚ ਵੱਖਰੀ ਸੰਤੁਸਟੀ ਅਤੇ ਸਕੂਨ ਪ੍ਰਾਪਤ ਹੁੰਦਾ ਹੈ। ਉਨ੍ਹਾਂ ਨੇ ਨੋਜਵਾਨਾ ਨੂੰ ਅਪੀਲ ਕੀਤੀ ਕਿ ਸਾਨੂੰ ਆਪਣਾ ਖ਼ੂਨ ਨਸ਼ਿਆ ਜਾਂ ਲੜਾਈ ਝਗੜੇ ਵਿੱਚ ਵਹਾਉਣ ਦੀ ਬਜਾਏ ਦਾਨ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਕਿਸੇ ਲੋੜਵੰਦ ਦੀ ਜਾਨ ਬਚਾਉਣ ਵਿਚ ਸਹਾਈ ਹੋ ਸਕੀਏ।

ਇਸ ਸਮਾਗਮ ਵਿੱਚ ਮੁੱਖ ਤੌਰ ਤੇ ਸਾਮਿਲ ਹੋਏ ਸਰਬੱਤ ਦਾ ਭਲਾ ਟਰੱਸਟ ਦੇ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ ਅਤੇ ਰੂਰਲ ਐੱਨ.ਜੀ.ਓ. ਕਲੱਬਜ ਐਸੋਸੀਏਸ਼ਨ ਮੋਗਾ ਦੇ ਜਿਲ੍ਹਾ ਪ੍ਰਧਾਨ ਹਰਭਿੰਦਰ ਸਿੰਘ ਜਾਨੀਆਂ ਨੇ ਖ਼ੂਨਦਾਨੀਆਂ ਦੇ ਬੈਚ ਲਗਾ ਕੇ ਉਨ੍ਹਾਂ ਦੀ ਹੋਸਲਾ ਅਫਜਾਈ ਕੀਤੀ। ਇਸ ਮੌਕੇ ਖ਼ੂਨਦਾਨੀਆਂ ਅਤੇ ਸਬਰੰਗ ਵੇਲਫੇਅਰ ਕਲੱਬ ਬੁੱਘੀਪੁਰਾ ਦੇ ਮੈਂਬਰਾਂ ਤੋਂ ਇਲਾਵਾ ਰੂਰਲ ਐੱਨ.ਜੀ.ਓ. ਦੇ ਚੇਅਰਮੈਨ ਦਵਿੰਦਰਜੀਤ ਸਿੰਘ ਗਿੱਲ, ਸ. ਮੁਖਤਿਆਰ ਸਿੰਘ, ਛੈਬਰ ਸਿੰਘ, ਸੁਖਵਿੰਦਰ ਸਿੰਘ, ਡਾ. ਕੁਲਦੀਪ ਸਿੰਘ, ਹਰਜੰਗ ਸਿੰਘ, ਗੁਰਮੀਤ ਸਿੰਘ, ਜੋਗਿੰਦਰ ਸਿੰਘ, ਗੁਰਿੰਦਰ ਸਿੰਘ, ਨਿਰਮਲ ਸਿੰਘ, ਕੁਲਵਿੰਦਰ ਸਿੰਘ ਪ੍ਰਧਾਨ ਬਲਾਕ-1, ਰਮੇਸ ਖੋਖਰ, ਦਰਸ਼ਨ ਸਿੰਘ ਗਿੱਲ, ਰਵੀ ਚਾਵਲਾ ਆਦਿ ਮੁੱਖ ਤੌਰ ਤੇ ਹਾਜ਼ਰ ਸਨ।

## ਸਰਬੱਤ ਦਾ ਭਲਾ ਟਰੱਸਟ ਨੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਹਰੇ ਚਾਰੇ ਦੀਆਂ 300 ਗੱਠਾਂ ਦਿੱਤੀਆਂ

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐਸ ਪੀ ਸਿੰਘ ਉਬਰਾਏ ਜੀ ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਲਈ ਆਪਣੇ ਕੀਤੇ ਗਏ ਐਲਾਨ ਮੁਤਾਬਿਕ ਉਨ੍ਹਾਂ ਲਈ ਰਾਸ਼ਨ ਪਾਣੀ, ਦਵਾਈਆਂ, ਤਰਪਾਲਾਂ, ਮੱਛਰ ਦਾਨੀਆਂ, ਪਸ਼ੂਆਂ ਲਈ ਹਰੇ ਚਾਰੇ ਅਤੇ ਫੀਡ ਆਦਿ ਦਾ ਪ੍ਰਬੰਧ ਕੀਤਾ ਗਿਆ। ਟਰੱਸਟ ਵੱਲੋਂ ਮੱਕੀ ਦੇ ਆਚਾਰ ਦੀਆਂ 300 ਗੱਠਾਂ ਪਿੰਡ ਦੌਲੇਵਾਲਾ ਕਲਾਂ, ਮੰਦਰ ਕਲਾਂ, ਸੰਘੇੜਾ, ਕੰਬੋ ਖੁਰਦ ਅਤੇ ਕਲਾਂ, ਮਦਾਰਪੁਰ ਅਤੇ ਸ਼ੇਰੇਵਾਲਾ ਦੇ ਲੋੜਵੰਦ ਪਰਿਵਾਰਾਂ ਨੂੰ ਦਿੱਤੀਆਂ ਗਈਆਂ ਹਨ ਤੇ ਅੱਗੇ ਵੀ ਇਨ੍ਹਾਂ ਲੋੜਵੰਦ ਪਰਿਵਾਰਾਂ ਦੇ ਪਸ਼ੂਆਂ ਲਈ ਹਰੇ ਚਾਰੇ ਅਤੇ ਫੀਡ ਦੇ ਇੰਤਜਾਮ ਕੀਤੇ ਜਾਣ ਦਾ ਵਾਅਦਾ ਕੀਤਾ।

ਇਸ ਮੌਕੇ ਸਾਬਕਾ ਪ੍ਰਧਾਨ ਮਹਿੰਦਰਪਾਲ ਲੂੰਬਾ, ਰੂਰਲ ਐਨ ਜੀ ਓ ਮੋਗਾ ਦੇ ਪ੍ਰਧਾਨ ਅਤੇ ਟਰੱਸਟੀ ਹਰਭਿੰਦਰ ਸਿੰਘ ਜਾਨੀਆਂ, ਹਰਭਜਨ ਸਿੰਘ ਬਹੋਨਾ, ਬਲਾਕ ਕੋਟ ਈਸੇ ਖਾਂ ਦੇ ਪ੍ਰਧਾਨ ਜਗਤਾਰ ਸਿੰਘ ਜਾਨੀਆਂ, ਜਿਲ੍ਹਾ ਜਥੇਬੰਦਕ ਸਕੱਤਰ ਰਾਮ ਸਿੰਘ ਜਾਨੀਆਂ, ਸੁਖਬੀਰ ਸਿੰਘ ਮੰਦਰ ਨੇ ਵੀ ਡਾ. ਐਸ ਪੀ ਸਿੰਘ ਉਬਰਾਏ ਜੀ ਦਾ ਧੰਨਵਾਦ ਕੀਤਾ।

ਇਸ ਮੌਕੇ ਉਕਤ ਤੋਂ ਇਲਾਵਾ ਕਿਸਾਨ ਆਗੂ ਦਵਿੰਦਰ ਸਿੰਘ ਭੈਣੀ, ਸਤਨਾਮ ਸਿੰਘ ਸ਼ੇਰੇਵਾਲਾ, ਸੁਖਬੀਰ ਸਿੰਘ ਮੰਦਰ, ਅਰਸ਼ਦੀਪ ਸਿੰਘ ਜੈਤੋ, ਦਲਜੀਤ ਸਿੰਘ ਮਦਾਰਪੁਰ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੰਚ ਸਰਪੰਚ, ਲਾਭਪ-ਾਤਰੀ ਅਤੇ ਇਲਾਕੇ ਦੇ ਲੋਕ ਹਾਜ਼ਰ ਸਨ।

# ਗੁਰਪੁਰਬ ਕਮੇਟੀ ਮੋਗਾ ਵੱਲੋਂ ਧਾਰਮਿਕ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਲਈ ਕਰਵਾਇਆ ਗਿਆ ਸਨਮਾਨ ਸਮਾਗਮ

## ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਮੁੱਖ ਮਹਿਮਾਨ ਵਜੋ ਹੋਏ ਹਾਜਰ



ਮੋਗਾ/ (ਭਵਨਦੀਪ ਸਿੰਘ ਪੁਰਬਾ): ਗੁਰਪੁਰਬ ਕਮੇਟੀ (ਰਜਿ:) ਮੋਗਾ ਵੱਲੋਂ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਜੂਨ 2023 ਵਿੱਚ ਵੱਖ-ਵੱਖ ਗੁਰਦਆਰਾ ਸਾਹਿਬ ਵਿਖੇ ਬੱਚਿਆਂ ਦੇ ਗੁਰਮਤਿ ਸਿਖਲਾਈ ਕੈਂਪਾਂ ਦੀ ਸੰਪੂਰਨਤਾ ਤੇ ਧਾਰਮਿਕ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਉਤਸਾਹਿਤ ਕਰਨ ਲਈ ਗੁਰਦੁਆਰਾ ਮਾਈ ਜਾਨਕੀ ਵਿਖੇ ਸਨਮਾਨ ਸਮਾਗਮ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਮੁੱਖ ਮਹਿਮਾਨ ਵਜੋਂ ਹਾਜਿਰ ਹੋਏ। ਇਸ ਮੌਕੇ ਮੋਗਾ ਕਾਰਪੋਰੇਸ਼ਨ ਦੇ ਚੇਅਰਮੈਨ ਸ. ਬਲਜੀਤ ਸਿੰਘ ਚਾਨੀ ਉਨ੍ਹਾਂ ਦੇ ਨਾਲ ਹਾਜਰ ਸਨ।

ਬੱਚਿਆਂ ਨੂੰ ਆਸ਼ੀਰਵਾਦ ਦੇਣ ਲਈ ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ ਅਤੇ ਮਹਿੰਦਰ ਸਿੰਘ ਜੀ ਜਨੇਰ ਵਾਲੇ ਸਮਾਗਮ ਵਿੱਚ ਪਹੁੰਚੇ। ਉਪਰੋਕਤ ਵੱਖ-ਵੱਖ ਗੁਰੁਦਆਰਾ ਸਾਹਿਬ ਦੇ ਸਮਾਗਮਾਂ ਵਿੱਚ ਵਿਸ਼ੇਸ ਸੇਵਾ ਨਿਭਾਉਣ ਵਾਲੇ ਸ. ਇੰਦਰਜੀਤ ਸਿੰਘ ਤਲਵੰਡੀ ਭਗੇਰੀਆਂ (ਚੇਅਰਮੈਨ ਜਿਲਾ ਪ੍ਰੀਸਦ), ਬਰਜਿੰਦਰ ਸਿੰਘ ਮੱਖਣ ਬਰਾੜ ਅਤੇ ਸੰਜੀਤ ਸਿੰਘ ਸੰਨੀ ਗਿੱਲ ਵਿਸ਼ੇਸ ਮਹਿਮਾਨ ਵਜੋਂ ਹਾਜਰ ਹੋਏ। ਇਸ ਸਮਾਗਮ ਵਿੱਚ ਵੱਖ-ਵੱਖ ਗੁਰੁਦਆਰਾ ਸਾਹਿਬ ਵਿਖੇ ਕਰਵਾਈ ਗਈ ਧਾਰਮਿਕ ਪ੍ਰੀਖਿਆ ਵਿਚੋਂ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਅਤੇ ਸ. ਇੰਦਰਜੀਤ ਸਿੰਘ ਤਲਵੰਡੀ ਭੰਗੇਰੀਆਂ ਵੱਲੋਂ ਮੈਡਲ ਪਹਿਣਾ ਕੇ, ਸੀਲਡ ਅਤੇ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਸਟੇਜ ਦੀ ਸੇਵਾ ਕੌਂਸਲਰ ਅਰਵਿੰਦਰ ਸਿੰਘ ਹੈਪੀ ਕਾਨਪੁਰੀਆ ਨੇ ਬਾਖੂਬੀ ਨਿਭਾਈ।

ਇਸ ਮੌਕੇ ਹੋਰਨਾ ਤੋਂ ਇਲਾਵਾ ਕੌਂਸਲਰ ਗੁਰਪ੍ਰੀਤ ਸਿੰਘ ਸੱਚਦੇਵਾ, ਪ੍ਰੇਮ ਚੰਦ ਚੱਕੀ ਵਾਲੇ, ਪਰਵੀਨ ਮੱਕੜ, ਸੁਰੰਦਰ ਗੋਗਾ, ਬਲਵੀਰ ਸਿੰਘ ਰਾਮੂੰਵਾਲਾ, ਅਵਤਾਰ ਸਿੰਘ ਕਰੀਰ, ਬਲਜੀਤ ਸਿੰਘ ਵਿੱਕੀ, ਗਿਆਨੀ ਬਹਾਦਰ ਸਿੰਘ, ਕੁਲਦੀਪ ਸਿੰਘ, ਸਤਪਾਲ ਕੰਡਾ, ਪੂਰਨ ਸਿੰਘ, ਗੁਰਸੇਵਕ ਸਿੰਘ ਸੰਨਿਆਸੀ, ਮਿੰਦੀ, ਪ੍ਰਧਾਨ ਜਗਮੋਹਨ ਸਿੰਘ, ਬਲਵਿੰਦਰ ਸਿੰਘ, ਰਣਜੀਤ ਸਿੰਘ ਮਾਲਵਾ, ਚਰਨਜੀਤ ਸਿੰਘ, ਪਰਮਜੀਤ ਸਿੰਘ, ਦਰਸ਼ਨ ਗਰੋਵਰ, ਜਗਰਾਜ ਸਿੰਘ, ਕੰਵਲਪ੍ਰੀਤ ਸਿੰਘ, ਜਸਵੀਰ ਸਿੰਘ ਗਿੱਲ ਆਦਿ ਮੁੱਖ ਤੌਰ ਤੇ ਹਾਜਰ ਸਨ।

## ਫੋਟੋ ਗੈਲਰੀ/ ਤਸਵੀਰਾਂ ਬੋਲਦੀਆਂ









## ਉਘੇ ਸਮਾਜ ਸੇਵੀ ਫ਼ੱਕਰ ਬਾਬਾ ਦਾਮੂੰ ਸ਼ਾਹ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ.ਚਮਕੌਰ ਸਿੰਘ ਸੰਘਾ ਦਾ ਕਨੈਡਾ ਦੀ ਵਾਪਸੀ ਤੋਂ ਬਾਅਦ ਪਿੰਡ ਪਹੁੰਚਣ ਤੇ ਨਿੱਘਾ ਸਵਾਗਤ





ਮੋਗਾ/ ਭਾਗਵੰਤੀ

ਉੱਘੇ ਸਮਾਜ ਸੇਵੀ ਫੱਕਰ ਬਾਬਾ ਦਾਮੂੰ ਸ਼ਾਹ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਐਨ.ਆਰ.ਆਈ ਸ. ਚਮਕੌਰ ਸਿੰਘ ਸੰਘਾ ਦਾ ਆਪਣੇ ਪਿੰਡ ਲੋਹਾਰਾ ਵਿਖੇ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆ ਬਾਬਾ ਜਸਵੀਰ ਸਿੰਘ ਜੀ ਲੋਹਾਰਾ ਨੇ ਦੱਸਿਆ ਕਿ ਤਿੰਨ ਵਾਰ ਫ਼ੱਕਰ ਬਾਬਾ ਦਾਮੂ ਸ਼ਾਹ ਜੀ ਦੀ ਕਮੇਟੀ ਦੇ ਪ੍ਰਧਾਨ ਰਹਿ ਚੁੱਕੇ ਉੱਘੇ ਸਮਾਜ ਸੇਵਕ ਸ. ਚਮਕੌਰ ਸਿੰਘ ਸੰਘਾ ਆਪਣੀ ਧਰਮ ਪਤਨੀ ਸ੍ਰੀ ਮਤੀ ਮਨਜੀਤ ਕੌਰ ਸਮੇਤ ਕਈ ਸਾਲਾ ਬਾਅਦ ਕੈਨੇਡਾ ਤੋਂ ਵਾਪਿਸ ਆਪਣੇ ਪਿੰਡ ਲੋਹਾਰਾ ਵਿਖੇ ਪਹੁੰਚੇ ਹਨ। ਉਨ੍ਹਾਂ ਦੇ ਆਉਣ ਦੀ ਖੁਸ਼ੀ ਵਿੱਚ ਨਗਰ ਨਿਵਾਸੀ ਨੇ ਵੱਡਾ ਇਕੱਠ ਕਰਕੇ ਉਨ੍ਹਾਂ ਦਾ ਜੋਰਦਾਰ ਸਵਾਗਤ ਕੀਤਾ।

ਇਸ ਮੌਕੇ ਸ. ਚਮਕੌਰ ਸਿੰਘ ਸੰਘਾ ਦਾ ਸਵਾਗਤ ਕਰਨ ਲਈ ਗੁਰਮੀਤ ਸਿੰਘ ਸੰਘਾ, ਪ੍ਰੀਤਮ ਸਿੰਘ ਰਾਜ ਗਿੱਲ, ਅੰਬੀ ਔਗੜ, ਨਵਤੇਜਪਾਲ ਸਿੰਘ, ਮਹਿੰਦਰ ਸਿੰਘ ਨੰਬਰਦਾਰ, ਪ੍ਰਮਿੰਦਰ ਸਿੰਘ ਪਿੰਦਾ, ਜਗਸੀਰ ਸਿੰਘ ਖੀਰਾ, ਗੁਰਮੀਤ ਸਿੰਘ ਗਿੱਲ, ਮੈਂਬਰ ਬਲਾਕ ਸੰਮਤੀ ਬੂਟਾ ਸਿੰਘ, ਹਰਚਰਨਪ੍ਰੀਤ ਸਿੰਘ, ਗੁਰਦਿੱਤ ਸਿੰਘ, ਬਲਬੀਰ ਸਿੰਘ, ਬਾਬੂ ਸਿੰਘ, ਬਲਰਾਜ ਸਿੰਘ ਬਾਜਾ, ਬਚਿੱਤਰ ਸਿੰਘ, ਲਛਮਣ ਸਿੰਘ, ਕਮਲ ਸਿੰਘ, ਰੈਟੂ ਸਿੰਘ, ਸੇਵਾ ਸਿੰਘ, ਮੁਖਤਿਆਰ ਸਿੰਘ, ਲਖਵੀਰ ਸਿੰਘ, ਕੁਲਵਿੰਦਰ ਸਿੰਘ ਕੇਦੀ, ਜੁਗਰਾਜ ਸਿੰਘ ਰਾਜੂ, ਗੁਰਸੇਵਕ ਸਿੰਘ ਮਠਾੜੂ, ਗੁਰਨਾਮ ਸਿੰਘ ਜੌਹਲ, ਨੀਲਾ ਸਿੰਘ, ਚਮਕੌਰ ਸਿੰਘ, ਜੀਤ ਸਿੰਘ, ਡਾਕਟਰ ਅਮਰਦੀਪ, ਕੁਲਦੀਪ ਸਿੰਘ, ਦਵਿੰਦਰ ਸਿੰਘ ਦੀਪੂ, ਕਰਨੈਲ ਸਿੰਘ, ਜੀਤ ਸਿੰਘ, ਕਾਕਾ ਸਿੰਘ, ਹਰਜੀਵਨ ਸਿੰਘ ਜੀਵਾ, ਮੱਲ ਸਿੰਘ, ਮੈਂਬਰ ਦੇਵ ਸਿੰਘ ਨੰਬਰਦਾਰ, ਸੁਖਜਿੰਦਰ ਸਿੰਘ ਮੰਨਾ, ਕੁਲਵਿੰਦਰ ਸਿੰਘ ਕਾਲਾ, ਬਲਵੀਰ ਸਿੰਘ, ਚਮਕੌਰ ਸਿੰਘ ਕੌਰਾ, ਬੰਸੀ ਸਿੰਘ, ਦਿਲਬਾਗ ਸਿੰਘ, ਮਿਸਤਰੀ ਬੂਟਾ ਸਿੰਘ, ਸਾਹਬ ਸਿੰਘ ਮੈਂਬਰ, ਸਵਰਨ ਸਿੰਘ ਭੋਦੂ, ਜੀਤਾ ਸਿੰਘ ਆਦਿ ਮੁੱਖ ਤੌਰ ਤੇ ਹਾਜਰ ਸਨ।

## ਮੋਗਾ ਵਿਖੇ ਯੂ.ਪੀ.ਐਸ.ਸੀ. ਸੈਂਟਰ ਖੋਲ੍ਹਣ ਤੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਕੀਤਾ ਧੰਨਵਾਦ

### ਹੁਣ ਨੌਜਵਾਨਾਂ ਦਿੱਲੀ, ਚੰਡੀਗੜ੍ਹ, ਕੋਟਾ, ਲੁਧਿਆਣਾ ਵਰਗੇ ਵੱਡੇ ਸ਼ਹਿਰਾਂ ਵਿਚ ਕੋਚਿੰਗ ਲੈਣ ਨਹੀਂ ਜਾਣਾ ਪਵੇਗਾ -ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ



ਮੋਗਾ/ ਭਵਨਦੀਪ ਸਿੰਘ ਪੁਰਬਾ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਅੱਠ ਯੂ.ਪੀ.ਐਸ.ਸੀ. ਸੈਂਟਰਾਂ ਵਿਚੋਂ ਇਕ ਸੈਂਟਰ ਮੋਗਾ ਵਿਖੇ ਖੋਲ੍ਹਣ ਦੇ ਐਲਾਨ ਨੂੰ ਲੈ ਕੇ ਮੋਗਾ ਹਲਕੇ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਹੁਣ ਨੌਜਵਾਨਾਂ ਨੂੰ ਦਿੱਲੀ, ਚੰਡੀਗੜ੍ਹ, ਕੋਟਾ, ਲੁਧਿਆਣਾ ਆਦਿ ਵੱਡੇ ਸ਼ਹਿਰਾਂ ਵਿਚ ਯੂ.ਪੀ.ਐਸ.ਸੀ. ਸੈਂਟਰ ਵਿਚ ਕੋਚਿੰਗ ਲੈਣ ਨਹੀਂ ਜਾਣਾ ਪਵੇਗਾ ਕਿਉਕਿ ਹੁਣ ਪੰਜਾਬ ਸਰਕਾਰ ਵੱਲੋਂ ਮੋਗਾ ਵਿਖੇ ਇਕ ਸੈਂਟਰ ਖੋਲ੍ਹਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਵੱਧ ਤੋਂ ਵੱਧ ਬੱਚਿਆ ਨੂੰ ਡਿਪਟੀ ਕਮਿਸ਼ਨਰ, ਐਸ.ਐਸ.ਪੀ, ਜੱਜ, ਆਈ.ਆਰ.ਐਸ. ਅਤੇ ਉੱਚ ਅਹੁੱਦਿਆ ਤੇ ਲੈਜਾਣ ਲਈ ਪੰਜਾਬ ਸਰਕਾਰ ਪੰਜਾਬ ਵਿਚ ਅੱਠ ਯੂ.ਪੀ.ਐਸ.ਸੀ. ਮੁਫਤ ਕੋਚਿੰਗ ਸੈਂਟਰ ਖੋਲ੍ਹਣ ਜਾ ਰਹੀ ਹੈ, ਜਿਸ ਵਿੱਚ ਲਾਈਬ੍ਰੇਰੀ ਦੀ ਸੁਵਿਧਾ ਅਤੇ ਹੋਸਟਲ ਦੀ ਸਹੂਲਤ ਵੀ ਮੁੱਹਈਆ ਕਰਵਾਈ ਜਾਵੇਗੀ। ਜਿਸ ਵਿਚ ਹਰੇਕ ਵਰਗ ਦਾ ਬੱਚਾ ਆਪਣੀ ਸਿੱਖਿਆ ਅਤੇ ਯੋਗਤਾ ਅਨੁਸਾਰ ਇਸ ਵਿਚ ਕੋਚਿੰਗ ਪ੍ਰਾਪਤ ਕਰ ਸਕੇਗਾ।

ਡਾ. ਅਮਨਦੀਪ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਦੇ ਭਵਿੱਖ ਨੂੰ ਸੰਵਾਰਨ ਤੇ ਉੱਜਵਲ ਬਣਾਉਣ ਦੇ ਮੰਤਵ ਨਾਲ ਕਈ ਠੋਸ ਫੈਸਲੇ ਲਏ ਜਾ ਰਹੇ ਹਨ, ਤਾਂ ਜੋ ਨੌਜਵਾਨ ਵਿਦੇਸ਼ਾਂ ਦਾ ਮੋਹ ਤਿਆਗ ਕੇ ਪੰਜਾਬ ਵਿਚ ਹੀ ਪੜ੍ਹਾਈ ਕਰਕੇ ਆਪਣੇ ਭਵਿੱਖ ਨੂੰ ਉੱਜਵਲ ਬਣਾ ਸਕੇ।

## ਤਿੰਨ ਲੱਖ ਰੁਪਏ ਦਾ ਸੀ ਅਸਟੀਮੇਟ ਸਿਰਫ ਸਿਰਫ 10 ਹਜ਼ਾਰ ਰੁਪਏ ਵਿੱਚ ਹੀ ਠੀਕ ਕਰਵਾਈ ਫਾਇਰ ਬ੍ਰਿਗੇਡ

### ਇਮਾਨਦਾਰੀ ਦੀਆਂ ਗੱਲਾਂ ਨਹੀਂ, ਸਬੂਤ ਦੇਵਾਂਗੇ -ਬਲਜੀਤ ਸਿੰਘ ਚਾਨੀ



ਮੋਗਾ/ ਭਵਨਦੀਪ ਸਿੰਘ ਪੁਰਬਾ

ਮੋਗਾ ਕਾਰਪੋਰੇਸ਼ਨ ਵਿੱਚ ਸ. ਬਲਜੀਤ ਸਿੰਘ ਚਾਨੀ ਨੂੰ ਮੇਅਰ ਦੀ ਕੁਰਸੀ ਤੇ ਬੈਠਿਆ ਅੱਜ ਸਿਰਫ 15 ਕੁ ਦਿਨ ਹੀ ਹੋਏ ਹਨ। ਉਨ੍ਹਾਂ ਨੇ ਸ਼ੁਰੂਆਤ ਵਿੱਚ ਹੀ ਧਮਾਕੇ ਕਰਨੇ ਸ਼ੁਰੂ ਕਰ ਦਿੱਤੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆ ਕੁਲਵਿੰਦਰ ਸਿੰਘ ਤਾਰੇਵਾਲਾ ਨੇ ਦੱਸਿਆ ਕਿ ਮੋਗਾ ਕਾਰਪੋਰੇਸ਼ਨ ਵਿੱਚ ਫਾਇਰ ਬ੍ਰਿਗੇਡ ਦੀ ਗੱਡੀ ਕਈ ਮਹੀਨਿਆਂ ਦੀ ਖੜੀ ਹੋਈ ਸੀ ਤੇ ਮਗਰਲੇ ਸਮੇਂ ਫੈਲੀ ਕ੍ਰਪਸ਼ਨ ਕਾਰਨ ਇਸ ਗੱਡੀ ਨੂੰ ਠੀਕ ਕਰਵਾਉਣ ਦਾ ਐਸਟੀਮੇਟ ਤਿੰਨ ਲੱਖ ਰੁਪਏ ਦਾ ਬਣਵਾਇਆ ਗਿਆ ਸੀ ਜਦ ਇਹ ਮਸਲਾ ਮੇਅਰ ਸ. ਬਲਜੀਤ ਸਿੰਘ ਚਾਨੀ ਤੱਕ ਪਹੁੰਚਿਆ ਤਾਂ ਉਹਨਾਂ ਨੇ ਆਪ ਮੁਆਇਨਾ ਕਰ ਕੇ ਇਸ ਨੂੰ ਸਿਰਫ 10 ਹਜ਼ਾਰ ਰੁਪਏ ਵਿੱਚ ਹੀ ਠੀਕ ਕਰਵਾ ਦਿੱਤਾ।

ਬੇਸ਼ੱਕ ਸ. ਬਲਜੀਤ ਸਿੰਘ ਚਾਨੀ ਨੇ ਜੋ ਆਪਣੇ ਪਹਿਲੇ ਬੋਲਾਂ ਵਿੱਚ ਕਿਹਾ ਸੀ ਉਸ ਦੇ ਨਤੀਜੇ ਆਉਣੇ ਸ਼ੁਰੂ ਹੋ ਗਏ ਹਨ। ਇਸ ਸਬੰਧੀ 'ਮਹਿਕ ਵਤਨ ਦੀ ਲਾਈਵ' ਬਿਓਰੋ ਨਾਲ ਗੱਲਬਾਤ ਕਰਦਿਆ ਸ. ਬਲਜੀਤ ਸਿੰਘ ਨੇ ਕਿਹਾ ਸੀ ਕਿ ਮੋਗਾ ਕਾਰਪੋਰੇਸ਼ਨ ਵਿੱਚ ਹੁਣ ਇਮਾਨਦਾਰੀ ਦਾ ਰਾਜ ਸ਼ੁਰੂ ਹੋ ਗਿਆ ਹੈ। ਅਸੀਂ ਇਮਾਨਦਾਰੀ ਦੀਆਂ ਗੱਲਾਂ ਹੀ ਨਹੀਂ, ਸਬੂਤ ਦੇਵਾਗੇ। ਉਹਨਾਂ ਨੇ ਇਸ ਨੂੰ ਸੱਚ ਕਰ ਕੇ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ।

CLASSIFIED ADVT. / ਕਲਾਸੀਫਾਈਡ ਇਸ਼ਤਿਹਾਰ

**ਪਲਾਟ ਵਿਕਾਊ**

ਅੰਮ੍ਰਿਤਸਰ ਰੋਡ (ਸੰਧੂ ਹਸਪਤਾਲ) ਤੋਂ ਕਰੀਬ 1 ਕਿਲੋਮੀਟਰ ਦੀ ਦੂਰੀ ਤੇ ਮੋਗਾ ਵਿਖੇ ਡਿਫੈਂਸ ਰੋਡ ਤੇ ਸਥਿਤ ਸਾਢੇ 7 ਮਰਲੇ (21x80) ਦਾ ਪਲਾਟ ਸਸਤੇ ਰੇਟ ਵਿੱਚ ਵਿਕਾਊ ਹੈ।

ਪਲਾਟ ਖਰੀਦਣ ਦੇ ਚਾਹਵਾਨ ਸੱਜਣ ਜਲਦੀ ਸੰਪਰਕ ਕਰੋ

ਸੰਪਰਕ ਕਰੋ: 98141-21463

ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: 9988-92-9988

# ਜੰਤਰੀਆਂ, ਕੈਲੰਡਰ, ਡਾਇਰੀਆਂ ਮੈਗਜ਼ੀਨ, ਪੁਸਤਕਾਂ ਛਪਵਾਉਣ

ਪੁਸਤਕਾਂ ਪ੍ਰਕਾਸ਼ਿਤ ਕਰਵਾਉਣ ਲਈ ਸੰਪਰਕ ਕਰੋ:

## ਮਹਿਕ ਵਤਨ ਦੀ

ਐਡਵੋਟਾਈਜ਼ਮੈਂਟ ਕੰਪਨੀ (ਰਜਿ:)

**Help Line : 9988-92-9988**

E-mail: mehakwattandi@rediffmail.com * www.mehakwatandilive.com

# ਏਕਮ ਟਿਊਸ਼ਨ ਸੈਂਟਰ

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਮੀਡੀਅਮ

## EKAM Tution Center

All Subject of Nursury to 8 th Classes

CBSE / ICSE / Punjab School Edu. Board

ਏ.ਸੀ. ਕਲਾਸ ਰੂਮ, ਵਾਈ-ਫਾਈ
ਕੰਮਪਿਊਟਰ ਪ੍ਰੈਂਟ ਆਊਟ

*Center: Basti Gobindgarh*
*Near Ghalan Walia Di Atta Chakki*
*1195, Ajit Nagar, Moga*



**Contact: 96460-21463**